LIVING ON THE EDGE

ਉੱਚ ਪ੍ਰਭਾਵ ਵਾਲੀ
ਕ ਲੀ ਸਿ ਯਾ

ਇੱਕ ਚੇਲੇ ਦਾ ਖ਼ਾਕਾ

LIVING ON THE EDGE™

ਲਿੰਵਿੰਗ ਆਨ ਦਾ ਏਜ ਦੇ ਬਾਰੇ ਵਿੱਚ

ਲਿੰਵਿੰਗ ਆਨ ਦਾ ਏਜ ਮਸੀਹੀਆਂ ਨੂੰ ਮਸੀਹੀਆਂ ਵਰਗਾ ਜੀਵਨ ਬਿਤਾਉਣ ਵਿੱਚ ਮਦਦ ਕਰਨ ਲਈ ਹੋਂਦ ਵਿੱਚ ਹੈ। 1995 ਵਿੱਚ ਚਿੱਪ ਇੰਨਗ੍ਰਾਮ ਦੇ ਪਾਸਬਾਨ ਅਤੇ ਲੇਖਕ ਵਜੋਂ ਇਸ ਨੂੰ ਇੱਕ ਰੇਡਿਓ ਮਿਨਸਟਰੀ ਵਜੋਂ ਸਥਾਪਿਤ ਕੀਤੇ ਜਾਣ ਦੇ ਬਾਅਦ ਤੋਂ ਹੀ, ਪਰਮੇਸ਼ੁਰ ਨੇ ਇਸ ਨੂੰ ਇੱਕ ਵਿਸ਼ਵ ਵਿਆਪੀ ਚੇਲੇਪਣ ਦੀ ਸੇਵਕਾਈ ਵਿੱਚ ਵਧਾ ਦਿੱਤਾ ਹੈ। ਲਿੰਵਿੰਗ ਆਨ ਦਾ ਏਜ ਪੂਰੇ ਸੰਸਾਰ ਵਿੱਚ ਲੋਕਾਂ ਨੂੰ ਯਿਸੂ ਦੇ ਸਿੱਧ ਚੇਲੇ ਬਣਨ ਵਿੱਚ ਸਹਾਇਤਾ ਕਰਨ ਲਈ ਸਿੱਖਿਆ, ਸਿਖਲਾਈ, ਅਤੇ ਚੇਲੇਪਣ ਦੇ ਸਾਧਨ ਪ੍ਰਦਾਨ ਕਰਦੀ ਹੈ।

ਉੱਚ ਪ੍ਰਭਾਵ ਵਾਲੀ
ਕ ਲੀ ਸਿ ਯਾ

ਵਿਸ਼ਾ-ਸੂਚੀ

ਸੈਸ਼ਨ 1 .... **ਪੰਨਾ 4**
ਸ਼ੁਰੂ ਕਰਨਾ

ਸੈਸ਼ਨ 2 .... **ਪੰਨਾ 16**
ਪਰਮੇਸ਼ੁਰ ਮੈਥੋਂ ਕੀ ਚਾਹੁੰਦਾ ਹੈ?

ਸੈਸ਼ਨ 3 .... **ਪੰਨਾ 22**
ਮੈਂ ਮੇਰੇ ਜੀਵਨ ਲਈ ਪਰਮੇਸ਼ੁਰ ਦੇ ਉੱਤਮ ਨੂੰ ਕਿਵੇਂ ਪ੍ਰਾਪਤ ਕਰਦਾ ਹਾਂ?

ਸੈਸ਼ਨ 4 .... **ਪੰਨਾ 28**
ਮੇਰੇ ਜੀਵਨ ਲਈ ਪਰਮੇਸ਼ੁਰ ਦਾ ਮਕਸਦ ਕੀ ਹੈ?

ਸੈਸ਼ਨ 5 .... **ਪੰਨਾ 36**
ਮੈਂ ਭਾਈਚਾਰੇ ਦਾ ਅਨੁਭਵ ਕਿਵੇਂ ਕਰਦਾ ਹਾਂ?

ਸੈਸ਼ਨ 6 .... **ਪੰਨਾ 42**
ਮੈਂ ਮੇਰੇ ਲਈ ਚਾਹੀ ਗਈ ਬੁਰਿਆਈ ਉੱਤੇ ਕਿਵੇਂ ਜਿੱਤ ਪਾਉਂਦਾ ਹਾਂ?

ਸੈਸ਼ਨ 7 .... **ਪੰਨਾ 48**
ਅੱਗੇ ਕੀ?

LIVING ON THE EDGE

ਉੱਚ ਪ੍ਰਭਾਵ ਵਾਲੀ
ਕ ਲੀ ਸਿ ਯਾ

ਸ਼ੁਰੂ ਕਰਨਾ

ਸੈਸ਼ਨ ਇੱਕ

1. ਅੱਜ ਅਸੀਂ ਇੱਥੇ ਕਿਉਂ ਹਾਂ?

ੳ. ਪਰਮੇਸ਼ੁਰ ਦੀ ___ਵਡਿਆਈ___ ਕਰਨ ਲਈ।

> ਮੇਰੇ ਨਾਲ ਰਲ ਕੇ ਯਹੋਵਾਹ ਦੀ ਵਡਿਆਈ ਕਰੋ; ਰਲ ਮਿਲ ਕੇ ਅਸੀਂ ਉਸ ਦੇ ਨਾਮ ਨੂੰ ਸਲਾਹੀਏ।
>
> ਜ਼ਬੂਰ 34:3

ਅ. ਪਰਮੇਸ਼ੁਰ ਦੇ ਨੇੜੇ ___ਵਧਣ___ ਲਈ।

> ਆਓ ਅਸੀਂ ਸੱਚੇ ਦਿਲ ਅਤੇ ਪੂਰੀ ਨਿਹਚਾ ਨਾਲ....ਪਰਮੇਸ਼ੁਰ ਦੇ ਨੇੜੇ ਜਾਈਏ।
>
> ਇਬਰਾਨੀਆਂ 10:22

ੲ. ਚੇਲੇ ਬਣਾਉਣ ਦੇ ਲਈ ਇੱਕ ਬਾਈਬਲੀ ਰਣਨੀਤੀ ਨੂੰ ___ਪ੍ਰਾਪਤ___ ਕਰੀਏ।

> ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।
>
> ਮੱਤੀ 28:19-20

ਸ਼ਾਮਲ ਹੋਣਾ: ਚਰਚਾ ਲਈ

1. 3-5 ਲੋਕਾਂ ਦੇ ਸਮੂਹਾਂ ਵਿੱਚ ਜਾਓ ਅਤੇ ਸੰਖੇਪ ਵਿੱਚ ਆਪਣੇ ਬਾਰੇ ਜਾਣਕਾਰੀ ਦਿਓ। ਤੁਹਾਡੇ ਇਕੱਠੇ ਹੋਣ ਦੇ ਇਸ ਸਮੇਂ ਤੋਂ ਤੁਸੀਂ ਕੀ ਆਸ ਰੱਖਦੇ ਹੋ?
2. ਤੁਹਾਡੇ ਬੱਚਿਆਂ ਲਈ (ਜਾਂ ਭਵਿੱਖ ਦੇ ਬੱਚਿਆਂ ਲਈ) ਤੁਹਾਡੇ ਕੋਲ ਕਿਹੜੇ ਸੁਫ਼ਨੇ ਹਨ?

2. ਤੁਹਾਡੇ ਚਰਚ ਲਈ ਪਰਮੇਸ਼ੁਰ ਦਾ ਸੁਫ਼ਨਾ

ੳ. ਹਰੇਕ ਮਾਪਿਆਂ ਕੋਲ ਆਪਣੇ ਬੱਚਿਆਂ ਲਈ ਇੱਕ ___ਸੁਪਨਾ___ ਹੁੰਦਾ ਹੈ।

ਅ. ਸਾਡੇ ਸਵਰਗੀ ਪਿਤਾ ਕੋਲ ਆਪਣੇ ਹਰੇਕ ___ਬੱਚੇ___ ਲਈ ਇੱਕ ਸੁਫ਼ਨਾ ਹੈ।

ੲ. ਪਰਮੇਸ਼ੁਰ ਦਾ ਸੁਪਨਾ ਹੈ ਕਿ ਉਹ ਆਪਣੇ ਬੱਚਿਆਂ ਨੂੰ ___ਯਿਸੂ___ ਵਰਗਾ ਬਣਾਵੇ। (ਮੱਤੀ 5:48, ਰੋਮੀਆਂ 8:29, ਅਫ਼ਸੀਆਂ 4:13)

ਸ. ਚੇਲੇ ਬਣਾਉਣ ਲਈ ਪਰਮੇਸ਼ੁਰ ਦੀ ਯੋਜਨਾ ___ਚਰਚ___ ਹੈ। (ਮੱਤੀ 5:13-16)

"ਮਸੀਹੀਆਂ ਲਈ ਚਰਚ ਵਿੱਚ ਸਭ ਤੋਂ ਵੱਡੀ ਲੋੜ ਅਸਲ ਵਿੱਚ ਮਸੀਹੀਆਂ ਵਰਗਾ ਜੀਵਨ ਬਿਤਾਉਣਾ ਹੈ।" **– ਚਿੱਪ ਇੰਨਗ੍ਰਾਮ**

ਹ. ਪ੍ਰਸ਼ਨ: ਇੱਕ ___ਸਿਹਤਮੰਦ___ ___ਕਲੀਸਿਯਾ___ ਕਿਸ ਵਰਗੀ ਵਿਖਾਈ ਦਿੰਦੀ ਹੈ?

3. ਇੱਕ ਸਿਹਤਮੰਦ ਕਲੀਸਿਯਾ ਦੀਆਂ ਤਿੰਨ ਵਿਸ਼ੇਸ਼ਤਾਵਾਂ

ੳ. ਗੁਆਚੇ ਹੋਏ ਲੋਕ **ਮਸੀਹ** **ਵਿੱਚ** **ਆ ਰਹੇ ਹਨ**।

ਮਹਾਨ ਆਗਿਆ

ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, "ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁੱਗ ਦੇ ਅੰਤ ਤੀਕੁਰ ਤੁਹਾਡੇ ਨਾਲ ਹਾਂ।"

ਮੱਤੀ 28:18-20

ਅ. ਪ੍ਰਭੂ ਵਿੱਚ ਆਏ ਲੋਕ **ਸਿੱਧਤਾ** **ਵਿੱਚ** **ਵਧ ਰਹੇ** ਹਨ।

ਮਹਾਨ ਹੁਕਮ

"'ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ। ਵੱਡਾ ਅਤੇ ਪਹਿਲਾ ਹੁਕਮ ਇਹੋ ਹੈ। ਅਤੇ ਦੂਜਾ ਇਹ ਦੇ ਵਾਂਗੁ ਹੈ ਕਿ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ।' ਇਨ੍ਹਾਂ ਦੋਹਾਂ ਹੁਕਮਾਂ ਉੱਤੇ ਸਾਰੀ ਤੁਰੇਤ ਅਤੇ ਨਬੀਆਂ ਦੇ ਬਚਨ ਟਿਕੇ ਹੋਏ ਹਨ।"

ਮੱਤੀ 22:37-40

ਣ. ਤਿਆਰ ਹੋਏ ਲੋਕ ਭਾਈਚਾਰੇ ਵਿੱਚ ਲੋੜਾਂ ਪੂਰੀਆਂ ਕਰ ਰਹੇ ਹਨ।

ਮਹਾਨ ਤਰਸ

"ਤਦ ਪਾਤਸ਼ਾਹ ਉਨ੍ਹਾਂ ਨੂੰ ਜਿਹੜੇ ਉਹ ਦੇ ਸੱਜੇ ਪਾਸੇ ਹੋਣ ਆਖੇਗਾ, 'ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ ਆਓ, ਜਿਹੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ ਉਹ ਦੇ ਵਾਰਸ ਹੋਵੋ। ਕਿਉਂ ਜੋ ਮੈਂ ਭੁੱਖਾ ਸਾਂ ਅਤੇ ਤੁਸਾਂ ਮੈਨੂੰ ਖਾਣ ਨੂੰ ਦਿੱਤਾ; ਮੈਂ ਤਿਹਾਇਆ ਸਾਂ ਅਤੇ ਤੁਸਾਂ ਮੈਨੂੰ ਪਿਆਇਆ; ਮੈਂ ਪਰਦੇਸੀ ਸਾਂ ਅਰ ਤੁਸਾਂ ਮੈਨੂੰ ਆਪਣੇ ਘਰ ਉਤਾਰਿਆ; ਨੰਗਾ ਸਾਂ ਅਰ ਤੁਸਾਂ ਮੈਨੂੰ ਪਹਿਨਾਇਆ; ਮੈਂ ਰੋਗੀ ਸਾਂ ਅਰ ਤੁਸਾਂ ਮੇਰੀ ਖ਼ਬਰ ਲਈ; ਮੈਂ ਕੈਦ ਵਿੱਚ ਸਾਂ ਅਤੇ ਤੁਸੀਂ ਮੇਰੇ ਕੋਲ ਆਏ।' ਤਦ ਧਰਮੀ ਲੋਕ ਉਹ ਨੂੰ ਇਹ ਉੱਤਰ ਦੇਣਗੇ, 'ਪ੍ਰਭੂ ਜੀ, ਅਸਾਂ ਕਦ ਤੈਨੂੰ ਭੁੱਖਾ ਵੇਖਿਆ ਅਤੇ ਖੁਆਇਆ ਯਾ ਤਿਹਾਇਆ ਅਤੇ ਪਿਲਾਇਆ? ਕਦ ਅਸਾਂ ਤੈਨੂੰ ਪਰਦੇਸੀ ਵੇਖਿਆ ਅਤੇ ਆਪਣੇ ਘਰ ਉਤਾਰਿਆ ਯਾ ਨੰਗਾ ਵੇਖਿਆ ਅਤੇ ਪਹਿਨਾਇਆ? ਕਦ ਅਸਾਂ ਤੈਨੂੰ ਰੋਗੀ ਯਾ ਕੈਦੀ ਵੇਖਿਆ ਅਰ ਤੇਰੇ ਕੋਲ ਆਏ? ਪਾਤਸ਼ਾਹ ਉਨ੍ਹਾਂ ਨੂੰ ਉੱਤਰ ਦੇਵੇਗਾ, ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜਦ ਤੁਸਾਂ ਮੇਰੇ ਇਨ੍ਹਾਂ ਸਭਨਾਂ ਤੋਂ ਛੋਟੇ ਭਰਾਵਾਂ ਵਿੱਚੋਂ ਇੱਕ ਨਾਲ ਇਹ ਕੀਤਾ ਤਾਂ ਮੇਰੇ ਨਾਲ ਕੀਤਾ।'"

ਮੱਤੀ 25:34-40

ਜਦੋਂ ਤੁਹਾਡਾ ਚਰਚ ਇਨ੍ਹਾਂ ਤਿੰਨ ਗੱਲਾਂ ਨੂੰ ਕਰਦਾ ਹੈ, ਇਹ ਇੱਕ ਉੱਚ ਪ੍ਰਭਾਵ ਵਾਲਾ ਚਰਚ ਹੈ!

4. ਕਿਹੜੀਆਂ ਸਿਹਤਮੰਦ ਕਲੀਸਿਯਾਵਾਂ ਨੂੰ ਚੇਲੇ ਬਣਾਉਣ ਦੀ ਲੋੜ ਹੈ

ੳ. ਹਰੇਕ ਕਲੀਸਿਯਾ ਦੇ ਕੋਲ ਚੇਲੇਪਣ ਦੀ ਇੱਕ ___ਸਾਫ___ ___ਤਸਵੀਰ___ ਹੋਣੀ ਚਾਹੀਦੀ ਹੈ।

ਅ. ਹਰੇਕ ਕਲੀਸਿਯਾ ਨੂੰ ਅਜਿਹੇ ਆਗੂਆਂ ਦੀ ਲੋੜ ਹੈ ਜਿਹੜੇ ___ਪਹਿਲਾਂ___ ਚੇਲੇ ਹਨ ਅਤੇ ___ਬਾਅਦ___ ਵਿੱਚ ਆਗੂ ਹਨ।

"ਇੱਕ ਕਲੀਸਿਯਾ ਆਪਣੇ ਪਾਸਬਾਨ ਦੀ ਆਤਮਿਕ ਅਗਵਾਈ ਉੱਤੇ ਅਤੇ ਇਸ ਦੇ ਚੇਲੇਪਣ ਦੀ ਤਾਕਤ ਉੱਤੇ ਹੀ ਉੱਠੇਗੀ ਅਤੇ ਡਿੱਗੇਗੀ।" **– ਡੈਨਿਸ ਬਾਰਿਲ**

ੲ. ਹਰੇਕ ਕਲੀਸਿਯਾ ਕੋਲ ਚੇਲੇ ਬਣਾਉਣ ਦੇ ਲਈ ਇੱਕ ___ਖ਼ਾਕਾ___ ਅਤੇ ਇੱਕ ___ਪ੍ਰੀਕਿਰਿਆ___ ਹੋਣੀ ਚਾਹੀਦੀ ਹੈ।

5. ਇੱਕ ਚੇਲੇ ਦਾ ਖ਼ਾਕਾ: ਰੋਮੀਆਂ 12

1 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ
ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ
ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ।

2 ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ
ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ
ਅਤੇ ਪੂਰੀ ਇੱਛਿਆ ਕੀ ਹੈ।

3 ਮੈਂ ਤਾਂ ਓਸ ਕਿਰਪਾ ਤੋਂ ਜਿਹੜੀ ਮੈਨੂੰ ਦਾਨ ਹੋਈ ਤੁਹਾਡੇ ਵਿੱਚੋਂ ਹਰੇਕ ਨੂੰ ਆਖਦਾ ਹਾਂ
ਭਈ ਉਹ ਆਪਣੇ ਆਪ ਨੂੰ ਜਿੰਨਾ ਚਾਹੀਦਾ ਹੈ ਉਸ ਨਾਲੋਂ ਵੱਧ ਨਾ ਸਮਝੇ ਸਗੋਂ ਸੁਰਤ ਨਾਲ
ਸਮਝੇ ਜਿੱਕੁਰ ਪਰਮੇਸ਼ੁਰ ਨੇ ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤੀ ਹੈ। 4 ਜਿਵੇਂ ਇੱਕ ਸਰੀਰ
ਵਿੱਚ ਢੇਰ ਸਾਰੇ ਅੰਗ ਹਨ ਪਰ ਸਾਰਿਆਂ ਅੰਗਾਂ ਦਾ ਇੱਕੋ ਹੀ ਕੰਮ ਨਹੀਂ। 5 ਤਿਵੇਂ ਅਸੀਂ ਜੋ
ਢੇਰ ਸਾਰੇ ਹਾਂ ਮਸੀਹ ਵਿੱਚ ਮਿਲ ਕੇ ਇੱਕ ਸਰੀਰ ਹਾਂ ਅਰ ਇੱਕ ਇੱਕ ਕਰਕੇ ਇੱਕ ਦੂਏ ਦੇ
ਅੰਗ ਹਾਂ। 6 ਸੋ ਸਾਨੂੰ ਉਸ ਕਿਰਪਾ ਦੇ ਅਨੁਸਾਰ ਜੋ ਸਾਨੂੰ ਦਾਨ ਹੋਈ ਵੱਖੋ ਵੱਖਰੀਆਂ ਦਾਤਾਂ
ਮਿਲੀਆਂ। ਫੇਰ ਜੇ ਉਹ ਨਬੂਵਤ ਹੋਵੇ ਤਾਂ ਆਪਣੀ ਨਿਹਚਾ ਦੇ ਸਮਾਨ ਨਬੂਵਤ ਕਰੀਏ 7 ਜੇ
ਸੇਵਾ ਹੋਵੇ ਤਾਂ ਆਪਣੀ ਸੇਵਾ ਵਿੱਚ ਰਹੀਏ, ਜੇ ਸਿਖਾਉਣ ਵਾਲਾ ਹੋਵੇ ਤਾਂ ਸਿਖਾਉਣ ਦੇ ਕੰਮ
ਵਿੱਚ। 8 ਜੇ ਉਪਦੇਸ਼ਕ ਹੋਵੇ ਤਾਂ ਉਪਦੇਸ਼ ਕਰਨ ਵਿੱਚ, ਦਾਨ ਦੇਣ ਵਾਲਾ ਖੁਲ੍ਹੇ ਦਿਲ ਦੇਵੇ,
ਉਪਕਾਰ ਤਰੱਦਦ ਨਾਲ ਹੋਵੇ, ਦਯਾ ਕਰਨ ਵਾਲਾ ਖੁਸ਼ੀ ਨਾਲ ਦਯਾ ਕਰੇ।

9 ਪ੍ਰੇਮ ਨਿਸ਼ਕਪਟ ਹੋਵੇ, ਬੁਰਿਆਈ ਤੋਂ ਸੂਗ ਕਰੋ, ਭਲਿਆਈ ਨਾਲ ਮਿਲੇ ਰਹੋ, 10 ਭਰੱਪਣ ਦੇ
ਪ੍ਰੇਮ ਵਿੱਚ ਇੱਕ ਦੂਏ ਨਾਲ ਗੂੜ੍ਹਾ ਹਿਤ ਰੱਖੋ, ਆਦਰ ਵਿੱਚ ਦੂਏ ਨੂੰ ਚੰਗਾ ਸਮਝੋ, 11 ਮਿਹਨਤ
ਵਿੱਚ ਢਿੱਲੇ ਨਾ ਹੋਵੋ, ਆਤਮਾ ਵਿੱਚ ਸਰਗਰਮ ਰਹੋ, ਪ੍ਰਭੂ ਦੀ ਸੇਵਾ ਕਰਿਆ ਕਰ, 12 ਆਸਾ ਵਿੱਚ
ਅਨੰਦ ਅਤੇ ਬਿਪਤਾ ਵਿੱਚ ਧੀਰਜ ਕਰੋ, ਪ੍ਰਾਰਥਨਾ ਲਗਾਤਾਰ ਕਰਦੇ ਰਹੋ, 13 ਸੰਤਾਂ ਦੀਆਂ ਲੋੜਾ ਦੇ
ਸਾਂਝੀ ਬਣੋ, ਪਰਾਹੁਣਚਾਰੀ ਪੁੱਜ ਕੇ ਕਰੋ।

14 ਆਪਣੇ ਦੁਖਦਾਈਆਂ ਨੂੰ ਅਸੀਸ ਦਿਓ, ਅਸੀਸ ਦਿਓ, ਫਿਟਕਾਰੋ ਨਾ।

15 ਅਨੰਦ ਕਰਨ ਵਾਲਿਆਂ ਦੇ ਨਾਲ ਅਨੰਦ ਕਰੋ, ਰੋਣ ਵਾਲਿਆਂ ਨਾਲ ਰੋਵੋ, 16 ਆਪੋ ਵਿੱਚ ਇੱਕ
ਮਨ ਹੋਵੋ, ਉੱਚੀਆਂ ਗੱਲਾਂ ਉੱਤੇ ਮਨ ਨਾ ਲਾਓ ਪਰ ਨੀਵਿਆਂ ਨਾਲ ਮਿਲੇ ਰਹੋ, ਆਪਣੀ ਜਾਚ
ਵਿੱਚ ਸਿਆਣੇ ਨਾ ਬਣ ਬੈਠੋ, 17 ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ ਨਾ ਕਰੋ। ਜਿਹੜੀਆਂ
ਗੱਲਾਂ ਸਾਰੇ ਮਨੁੱਖਾਂ ਦੇ ਭਾਣੇ ਚੰਗੀਆਂ ਹਨ ਓਹਨਾਂ ਦਾ ਧਿਆਨ ਰੱਖੋ। 18 ਜੇ ਹੋ ਸਕੇ ਤਾਂ ਆਪਣੀ
ਵਾਹ ਲੱਗਦਿਆਂ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ। 19 ਹੇ ਪਿਆਰਿਓ, ਆਪਣਾ ਬਦਲਾ ਨਾ ਲਓ
ਪਰ ਕ੍ਰੋਧ ਨੂੰ ਜਾਣ ਦਿਓ ਕਿਉਂ ਜੋ ਲਿਖਿਆ ਹੋਇਆ ਹੈ ਕਿ ਪ੍ਰਭੂ ਆਖਦਾ ਹੈ, "ਭਈ ਬਦਲਾ ਲੈਣਾ
ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ।" 20 ਪਰ ਜੇ ਤੇਰਾ ਵੈਰੀ ਭੁੱਖਾ ਹੋਵੇ ਤਾਂ ਉਹ ਨੂੰ ਖੁਆ,
ਜੇ ਤਿਹਾਇਆ ਹੋਵੇ ਤਾਂ ਉਹ ਨੂੰ ਪਿਆ ਕਿਉਂ ਜੋ ਇਹ ਕਰ ਕੇ ਤੂੰ ਉਹ ਦੇ ਸਿਰ ਉੱਤੇ ਅੱਗ ਦੇ
ਅੰਗਿਆਰਾਂ ਦਾ ਢੇਰ ਲਾਵੇਂਗਾ। 21 ਬੁਰਿਆਈ ਤੋਂ ਨਾ ਹਾਰ ਸਗੋਂ ਭਲਿਆਈ ਨਾਲ ਬੁਰਿਆਈ ਨੂੰ
ਜਿੱਤ ਲੈ।

ਰੋਮੀਆਂ 12:1–21

ਰੋਮੀਆਂ 12 ਵਿੱਚ ਪਾਏ ਜਾਂਦੇ ਪੰਜ ਕੁੰਜੀ ਸੰਬੰਧ:

ਪਰਮੇਸ਼ੁਰ (ਆਇਤ 1)

ਜੁੱਗ (ਆਇਤ 2)

ਆਪਣੇ ਆਪ (ਆਇਤ 3-8)

ਸੰਤ/ਵਿਸ਼ਵਾਸੀ (ਆਇਤਾਂ 9-13)

ਗੈਰ-ਵਿਸ਼ਵਾਸੀਆਂ (ਆਇਤਾਂ 14-21)

ਅ. ਇੱਕ ਚੇਲਾ ਕਿਵੇਂ ਰੋਮੀਆਂ 12 ਲਈ ਜਵਾਬ ਦਿੰਦਾ ਹੈ:

ਪਰਮੇਸ਼ੁਰ » ਮੇਰੇ ਜੀਵਨ ਨੂੰ ਸਮਰਪਣ ਕਰਦਾ ਹਾਂ।

ਜੁੱਗ » ਸੰਸਾਰ ਦੀਆਂ ਕਦਰਾਂ ਕੀਮਤਾਂ ਤੋਂ ਅੱਡ ਹੁੰਦਾ

ਆਪਣੇ ਆਪ » ਆਤਮ-ਮੁਲਾਂਕਣ ਵਿੱਚ ਸੰਜਮੀ

ਸੰਤ/ਵਿਸ਼ਵਾਸੀ » ਪਿਆਰ ਵਿੱਚ ਸੇਵਾ ਕਰਦਾ

ਗੈਰ-ਵਿਸ਼ਵਾਸੀਆਂ » ਅਲੌਕਿਕ ਢੰਗ ਨਾਲ ਬੁਰਿਆਈ ਦਾ ਭਲਿਆਈ ਵਿੱਚ ਜਵਾਬ ਦਿੰਦਾ ਹੈ।

ੲ. ਇਸ ਨੂੰ ਨਾ ਗੁਆਇਓ: ____ਸੱਚਾ____ ਚੇਲਾਪਣ ਹੈ:

- **ਕਿਰਪਾ ਅਧਾਰਿਤ, ਨਾ ਕਿ ਪ੍ਰਦਰਸ਼ਣ**
- **ਸੰਬੰਧਾਤਮਕ, ਨਾ ਕਿ ਸੌਦੇਬਾਜੀ**
- **ਵਿਵਹਾਰਿਕ, ਨਾ ਕਿ ਸਿਧਾਂਤਕ**
- **ਮਾਪਯੋਗ, ਨਾ ਕਿ ਅਸਪਸ਼ਟ**

6. ਚੁਣੌਤੀ

ੳ. ਜੋ ਤੁਹਾਡੇ ਕੋਲ ____ਹੈ ਨਹੀਂ____ ਤੁਸੀਂ ਉਹ ____ਦੇ____ ਨਹੀਂ ਸਕਦੇ ਹੋ। ਸਾਨੂੰ ਉਹ ____ਹੋਣਾ____ ਚਾਹੀਦਾ ਹੈ ਜੋ ਅਸੀਂ ਚਾਹੁੰਦੇ ਹਾਂ ਕਿ ਸਾਡੇ ਲੋਕ ____ਬਣਨ____।

ਅ. ਇਸ ਤੋਂ ਪਹਿਲਾਂ ਕਿ ਪਰਮੇਸ਼ੁਰ ਸਾਡੇ ਰਾਹੀਂ ____ਸ਼ਕਤੀਸ਼ਾਲੀ____ ਕੰਮ ਕਰੇ ਉਸ ਨੂੰ ਸਾਡੇ ਅੰਦਰ ____ਡੂੰਘਾ____ ਕੰਮ ਕਰਨਾ ਜ਼ਰੂਰੀ ਹੈ।

ਅਗਵਾਈ ਵਚਨਬੱਧਤਾ

- **ਯਿਸੂ ਲਈ ਇੱਕ ____ਆਗੂ____ ਬਣਨ ਤੋਂ ਪਹਿਲਾਂ ਮੈਂ ਯਿਸੂ ਲਈ ਇੱਕ ____ਚੇਲਾ____ ਬਣਨ ਦਾ ਵਚਨਬੱਧ ਹੁੰਦਾ ਹਾਂ।**

ਸ਼ਾਮਲ ਹੋਣਾ – ਨਿੱਜੀ ਚਿੰਤਨ ਅਤੇ ਚਰਚਾ

1. ਚਿੰਤਨ ਕਰਨਾ: ਦ੍ਰਿਸ਼ਟੀਕੋਣ ਪ੍ਰਾਪਤ ਕਰਨ ਲਈ, ਚੇਲੇਪਣ ਦੀ ਹਰੇਕ ਵਿਸ਼ੇਸ਼ਤਾ ਲਈ 1-10 ਦੇ ਮਾਪ ਉੱਤੇ ਆਪਣਾ ਅਤੇ ਆਪਣੀ ਕਲੀਸਿਯਾ ਦਾ ਮੁਲਾਂਕਣ ਕਰੋ:

> "ਮੈਂ ਆਪਣੇ ਸਾਰੇ ਮਨ ਨਾਲ ਤੈਨੂੰ ਭਾਲਿਆ ਹੈ, ਆਪਣੇ ਹੁਕਮਾਂ ਤੋਂ ਮੈਨੂੰ ਭਟਕਣ ਨਾ ਦੇਹ।"
>
> (ਜ਼ਬੂਰ 119:10)

ਪਰਮੇਸ਼ੁਰ ਨੂੰ ਮੇਰਾ ਜੀਵਨ ਸਮਰਪਣ

	ਵਾਧੇ ਲਈ ਖੇਤਰ									ਤਾਕਤ ਦਾ ਖੇਤਰ
ਆਤਮ	1	2	3	4	5	6	7	8	9	10
ਚਰਚ	1	2	3	4	5	6	7	8	9	10

ਸੰਸਾਰ ਦੀਆਂ ਕਦਰਾਂ-ਕੀਮਤਾਂ ਤੋਂ ਅੱਡ

	ਵਾਧੇ ਲਈ ਖੇਤਰ									ਤਾਕਤ ਦਾ ਖੇਤਰ
ਆਤਮ	1	2	3	4	5	6	7	8	9	10
ਚਰਚ	1	2	3	4	5	6	7	8	9	10

ਆਤਮ ਮੁਲਾਂਕਣ ਵਿੱਚ ਸੰਜਮੀ

	ਵਾਧੇ ਲਈ ਖੇਤਰ									ਤਾਕਤ ਦਾ ਖੇਤਰ
ਆਤਮ	1	2	3	4	5	6	7	8	9	10
ਚਰਚ	1	2	3	4	5	6	7	8	9	10

ਪਿਆਰ ਵਿੱਚ ਦੂਜੇ ਵਿਸ਼ਵਾਸੀਆਂ ਦੀ ਸੇਵਾ ਕਰਨਾ

	ਵਾਧੇ ਲਈ ਖੇਤਰ									ਤਾਕਤ ਦਾ ਖੇਤਰ
ਆਤਮ	1	2	3	4	5	6	7	8	9	10
ਚਰਚ	1	2	3	4	5	6	7	8	9	10

ਅਲੌਕਿਕ ਢੰਗ ਨਾਲ ਬੁਰਿਆਈ ਦਾ ਭਲਿਆਈ ਵਿੱਚ ਜਵਾਬ ਦੇਣਾ

	ਵਾਧੇ ਲਈ ਖੇਤਰ									ਤਾਕਤ ਦਾ ਖੇਤਰ
ਆਤਮ	1	2	3	4	5	6	7	8	9	10
ਚਰਚ	1	2	3	4	5	6	7	8	9	10

2. ਚਰਚਾ: 3-5 ਦੇ ਸਮੂਹਾਂ ਵਿੱਚ ਚਲੇ ਜਾਓ, ਅਤੇ ਉੱਪਰ ਦਿੱਤੇ ਤੁਹਾਡੇ ਮੁਲਾਂਕਣ ਦੇ ਆਧਾਰ ਤੇ, ਇੱਕ ਵਿਅਕਤੀਗਤ ਤਾਕਤ ਅਤੇ ਇੱਕ ਵਿਅਕਤੀਗਤ ਕਮਜ਼ੋਰੀ ਬਾਰੇ ਦੱਸੋ।

3. ਪਰਮੇਸ਼ੁਰ ਦੇ ਸਾਨੂੰ ਇਹ ਵਿਖਾਉਣ ਲਈ ਕਿ ਉਸ ਦੇ ਰਾਜ ਵਿੱਚ ਇੱਕ ਆਗੂ ਹੋਣਾ ਕੀ ਹੁੰਦਾ ਹੈ 1 ਜਾਂ 2 ਲੋਕਾਂ ਨੂੰ ਪ੍ਰਾਰਥਨਾ ਲਈ ਚੁਣੋ।

LIVING ON THE EDGE

ਉੱਚ ਪ੍ਰਭਾਵ ਵਾਲੀ
ਕ ਲੀ ਸਿ ਯਾ

ਪਰਮੇਸ਼ੁਰ ਮੈਥੋਂ ਕੀ ਚਾਹੁੰਦਾ ਹੈ?

ਸੈਸ਼ਨ ਦੋ

ਪਰਮੇਸ਼ੁਰ ਮੈਥੋਂ ਕੀ ਚਾਹੁੰਦਾ ਹੈ?

ਰੋਮੀਆਂ 12 ਦੇ ਚੇਲੇ ਦੀ ਪਹਿਲੀ ਵਿਸ਼ੇਸ਼ਤਾ ਪਰਮੇਸ਼ੁਰ ਨਾਲ ਸਾਡੇ ਸੰਬੰਧ ਦੇ ਨਾਲ ਸੰਬੰਧਤ ਹੈ।

1. ਪਰਮੇਸ਼ੁਰ ਨੂੰ ਉਹ ਕਿਵੇਂ ਦੇਣਾ ਜੋ ਉਹ ਚਾਹੁੰਦਾ ਹੈ

> ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖ਼ਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ।
>
> ਰੋਮੀਆਂ 12:1

ੳ. **ਹੁਕਮ:** "ਆਪਣੀਆਂ ਦੇਹੀਆਂ ਨੂੰ ਇੱਕ ਜੀਉਂਦਾ ਬਲੀਦਾਨ ਕਰਕੇ ___ਚੜ੍ਹਾਵੋ___ ।"

ਅ. **ਪ੍ਰੇਰਣਾ:** "ਪਰਮੇਸ਼ੁਰ ਦੀਆਂ ___ਰਹਮਤਾਂ___ ।"

ੲ. **ਕਾਰਨ:** "ਰੂਹਾਨੀ ___ਬੰਦਗੀ___ ਹੈ।"

2. ਸਮਰਪਣ ਸੱਚੀ ਅਰਾਧਨਾ ਹੈ।

ੳ. ਪਰਮੇਸ਼ੁਰ ___ਤੁਹਾਨੂੰ___ ___ਸਾਰੇ___ ___ਨੂੰ___ ਚਾਹੁੰਦਾ ਹੈ! (ਕੂਚ 20:3, ਮੱਤੀ 6:33)

> ਸੁਰਗ ਦਾ ਰਾਜ ਉਸ ਧਨ ਵਰਗਾ ਹੈ ਜਿਹੜਾ ਖੇਤ ਵਿੱਚ ਲੁਕਿਆ ਹੋਇਆ ਸੀ ਜਿਸ ਨੂੰ ਇੱਕ ਮਨੁੱਖ ਨੇ ਲੱਭ ਕੇ ਲੁਕਾ ਰੱਖਿਆ ਅਤੇ ਖੁਸ਼ੀ ਦੇ ਮਾਰੇ ਉਹ ਨੇ ਜਾ ਕੇ ਆਪਣਾ ਸਭ ਕੁਝ ਵੇਚ ਦਿੱਤਾ ਅਤੇ ਉਸ ਖੇਤ ਨੂੰ ਮੁੱਲ ਲੈ ਲਿਆ।
>
> ਫੇਰ, ਸੁਰਗ ਦਾ ਰਾਜ ਇੱਕ ਵਪਾਰੀ ਵਰਗਾ ਹੈ ਜਿਹੜਾ ਚੰਗੇ ਮੋਤੀਆਂ ਨੂੰ ਲੱਭਦਾ ਫਿਰਦਾ ਸੀ ਜਦ ਉਹ ਨੂੰ ਇੱਕ ਮੋਤੀ ਭਾਰੇ ਮੁੱਲ ਦਾ ਮਿਲਿਆ ਤਾਂ ਗਿਆ ਅਤੇ ਆਪਣਾ ਸਭ ਕੁਝ ਵੇਚ ਕੇ ਉਹ ਨੂੰ ਮੁੱਲ ਲਿਆ।
>
> ਮੱਤੀ 13:44–46

ਅ. **ਸਮੱਸਿਆ:** ਅਸੀਂ ਸਮਰਪਣ ਨੂੰ ___ਨਕਾਰਾਤਮਕ___ ਅਤੇ ___ਹਾਰ___ ਵਜੋਂ ਵੇਖਣ ਦਾ ਰੁਝਾਨ ਰੱਖਦੇ ਹਾਂ।

ੲ. **ਸਚਿਆਈ: ਸਮਰਪਣ ਉਹ** ___ਚੈਨਲ___ ਹੈ ਜਿਸ ਰਾਹੀਂ ਪਰਮੇਸ਼ੁਰ ਦੀਆਂ ਸਭ ਤੋਂ ਉੱਤਮ ਅਤੇ ਸਭ ਤੋਂ ਵੱਡੀਆਂ ਬਰਕਤਾਂ ਵਹਿੰਦੀਆਂ ਹਨ। (ਜ਼ਬੂਰ 84:11)

ਸ. ਸਮਰਪਣ ਇੱਕ ___ਫੈਸਲਾ___ ਅਤੇ ਇੱਕ ___ਪ੍ਰਕਿਰਿਆ___ ਹੈ। ਇਹ ਇੱਕ ਚੋਣ ਹੈ ਜਿਹੜੀ ਇੱਕ ਜੀਵਨਸ਼ੈਲੀ ਵਿੱਚ ਅਗਵਾਈ ਕਰਦੀ ਹੈ।

> ਫੇਰ ਉਸ ਨੇ ਉਨ੍ਹਾਂ ਨੂੰ ਆਖਿਆ, "ਮੇਰਾ ਜੀ ਬਹੁਤ ਉਦਾਸ ਹੈ ਸਗੋਂ ਮਰਨ ਦੇ ਦਰਜੇ ਤੀਕਰ। ਤੁਸੀਂ ਐਥੇ ਠਹਿਰੋ ਅਤੇ ਮੇਰੇ ਨਾਲ ਜਾਗਦੇ ਰਹੋ।" ਅਰ ਥੋੜਾ ਅੱਗੇ ਵਧ ਕੇ ਮੂੰਹ ਭਾਰ ਪੈ ਗਿਆ ਅਤੇ ਪ੍ਰਾਰਥਨਾ ਕਰਦਿਆਂ ਆਖਿਆ, "ਹੇ ਮੇਰੇ ਪਿਤਾ, ਜੇ ਹੋ ਸਕੇ ਤਾਂ ਇਹ ਪਿਆਲਾ ਮੈਥੋਂ ਟੱਲ ਜਾਵੇ ਪਰ ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਪਰ ਉਹ ਜੋ ਤੂੰ ਚਾਹੁੰਦਾ ਹੈ।"
>
> ਮੱਤੀ 26:38-39

ਹ. ਅਸੀਂ ___ਅਗਲੀ___ ___ਚੀਜ___ ਉਸ ਨੂੰ ਦੇਣ ਦੁਆਰਾ ___ਸਭ ਕੁਝ___ ਪਰਮੇਸ਼ੁਰ ਨੂੰ ਦਿੰਦੇ ਹਾਂ।

> ਤਦ ਉਸ ਨੇ ਆਖਿਆ, "ਹੁਣ ਤੂੰ ਆਪਣੇ ਇਕਲੌਤੇ ਪੁੱਤਰ ਨੂੰ, ਹਾਂ, ਆਪਣੇ ਇਕਲੌਤੇ ਨੂੰ ਜਿਸ ਨੂੰ ਤੂੰ ਪਿਆਰ ਕਰਦਾ ਹੈਂ ਅਰਥਾਤ-ਇਸਹਾਕ-ਨੂੰ ਲੈ ਕੇ ਮੋਰੀਆ ਦੀ ਧਰਤੀ ਨੂੰ ਜਾਹ ਅਤੇ ਪਹਾੜਾਂ ਵਿੱਚੋਂ ਇੱਕ ਉੱਤੇ ਜਿਹੜਾ ਮੈਂ ਤੈਨੂੰ ਦੱਸਾਂਗਾ ਉਸ ਨੂੰ ਹੋਮ ਦੀ ਬਲੀ ਕਰਕੇ ਚੜ੍ਹਾ।"
>
> ਉਤਪਤ 22:2

ਅਗਵਾਈ ਵਚਨਬੱਧਤਾ

- ਮੈਂ ਸਭ ਜੋ ਮੈਂ ਹਾਂ ਅਤੇ ਸਭ ਜੋ ਮੇਰੇ ਕੋਲ ਹੈ ਉਸ ਨੂੰ ਪਰਮੇਸ਼ੁਰ ਅੱਗੇ ___ਸਮਰਪਣ___ ਕਰਨ ਦਾ ਵਚਨਬੱਧ ਹੁੰਦਾ ਹਾਂ।

ਸ਼ਾਮਲ ਹੋਣਾ – ਚਰਚਾ

1. 3-5 ਲੋਕਾਂ ਦੇ ਸਮੂਹਾਂ ਵਿੱਚ ਚਲੇ ਜਾਓ। ਤੁਹਾਡੇ ਅਨੁਸਾਰ ਕਿਉਂ ਬਹੁਤ ਸਾਰੇ ਮਸੀਹੀ ਇੱਕ ਸਮਰਪਿਤ ਜੀਵਨ ਨਹੀਂ ਜੀਉਂਦੇ ਹਨ?

___

___

___

2. ਤੁਹਾਡਾ "ਇਸਹਾਕ" ਕੀ ਹੈ? ਕਿਹੜੀ ਅਗਲੀ ਚੀਜ ਹੈ ਜੋ ਪਰਮੇਸ਼ੁਰ ਤੁਹਾਨੂੰ ਦੇਣ ਲਈ ਆਖ ਰਿਹਾ ਹੈ?

___

___

___

3. ਪਰਮੇਸ਼ੁਰ ਦੇ ਤੁਹਾਨੂੰ ਆਪਣਾ "ਇਸਹਾਕ" ਉਸ ਅੱਗੇ ਸਮਰਪਣ ਕਰਨ ਲਈ ਤਾਕਤ ਦੇਣ ਵਾਸਤੇ ਪ੍ਰਾਰਥਨਾ ਕਰਨ ਲਈ 1 ਜਾਂ 2 ਲੋਕਾਂ ਨੂੰ ਚੁਣੋ।

LIVING ON THE EDGE

ਉੱਚ ਪ੍ਰਭਾਵ ਵਾਲੀ
ਕ ਲੀ ਸਿ ਯਾ

ਮੈਂ ਮੇਰੇ ਜੀਵਨ ਲਈ ਪਰਮੇਸ਼ੁਰ ਦੇ ਉੱਤਮ ਨੂੰ ਕਿਵੇਂ ਪ੍ਰਾਪਤ ਕਰਦਾ ਹਾਂ?

ਸੈਸ਼ਨ ਤਿੰਨ

ਮੈਂ ਮੇਰੇ ਜੀਵਨ ਲਈ ਪਰਮੇਸ਼ੁਰ ਦੇ ਉੱਤਮ ਨੂੰ ਕਿਵੇਂ ਪ੍ਰਾਪਤ ਕਰਦਾ ਹਾਂ?

ਰੋਮੀਆਂ 12 ਦੇ ਚੇਲੇ ਦੀ ਦੂਜੀ ਵਿਸ਼ੇਸ਼ਤਾ ਸੰਸਾਰ ਨਾਲ ਸਾਡੇ ਸੰਬੰਧ ਦੇ ਨਾਲ ਸੰਬੰਧਤ ਹੈ।

1. ਆਪਣੇ ਜੀਵਨ ਲਈ ਪਰਮੇਸ਼ੁਰ ਦੇ ਉੱਤਮ ਨੂੰ ਕਿਵੇਂ ਪ੍ਰਾਪਤ ਕਰਨਾ

> ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।
>
> ਰੋਮੀਆਂ 12:2

ੳ. ਕਿਉਂ ਬਹੁਤ ਸਾਰੇ ਮੁਕਤੀ ਪਾਉਣ ਦਾ ___ਫੈਸਲਾ___ ਕਰਦੇ ਹਨ ਅਤੇ ਸਿਰਫ ਥੋੜੇ ਹੀ ਸਮਰਪਿਤ ___ਚੇਲੇ___ ਹੁੰਦੇ ਹਨ?

ਅ. **ਨਕਾਰਾਤਮਕ ਹੁਕਮ:** "ਇਸ ਜੁੱਗ ਦੇ ਸਰੂਪ ਜਿਹੇ ਨਾ ਬਣੋ..."

ਅਨੁਵਾਦ: ਆਪਣੇ ਆਪ ਨੂੰ ਇਸ ਵਰਤਮਾਨ ਸੰਸਾਰ ਦੀ ਪ੍ਰਣਾਲੀ ਦੇ ਦਬਾਅ ਦੁਆਰਾ ___ਪ੍ਰਭਾਵਿਤ___ ਹੋਣ ਅਤੇ ਢਾਲੇ ਜਾਣ ਦੀ ਇਜਾਜ਼ਤ ਦੇਣਾ ਬੰਦ ਕਰੋ।

ਲਾਗੂਕਰਨ: ਅਸੀਂ ਸੰਸਾਰ ਦੀਆਂ ਕਦਰਾਂ-ਕੀਮਤਾਂ ___ਤੋਂ___ ਅੱਡ ਹੋਣਾ ਹੈ।

ੲ. **ਸਕਾਰਾਤਮਕ ਹੁਕਮ:** "...ਆਪਣੇ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ।"

ਅਨੁਵਾਦ: ਪਲ-ਪਲ ਆਤਮਾ ਦੀ ਨਵੀਨੀਕਰਣ ਪ੍ਰਕਿਰਿਆ ਨਾਲ ਪੂਰਣ ਤੌਰ ਤੇ ਸਹਿਯੋਗੀ ਹੋਣ ਦੁਆਰਾ ਆਪਣੀ ਅੰਦਰੂਨੀ ਸੋਚ ਅਤੇ ਬਾਹਰੀ ਵਿਵਹਾਰ ਨੂੰ ਬਦਲਣ ਦੀ ਪਰਮੇਸ਼ੁਰ ਨੂੰ ਪੂਰਣ ਇਜਾਜ਼ਤ ਦਿਉ।

ਲਾਗੂਕਰਨ: ਅਸੀਂ ___ਵਚਨ___ ਦੁਆਰਾ ਬਦਲਣਾ ਹੈ, ਨਾ ਕਿ ___ਸੰਸਾਰ___ ਦੁਆਰਾ।

2. ਸੰਸਾਰ ਦੀਆਂ ਕਦਰਾਂ-ਕੀਮਤਾਂ ਤੋਂ ਅੱਡ

> ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿੱਚ ਹਨ। ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹ ਦੇ ਵਿੱਚ ਪਿਤਾ ਦਾ ਪ੍ਰੇਮ ਨਹੀਂ। ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿੱਚ ਹੈ ਅਰਥਾਤ ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ। ਅਤੇ ਸੰਸਾਰ ਨਾਲੇ ਉਹ ਦੀ ਕਾਮਨਾ ਬੀਤਦੀ ਜਾਂਦੀ ਹੈ ਪਰ ਜਿਹੜਾ ਪਰਮੇਸ਼ੁਰ ਦੀ ਇੱਛਿਆ ਉੱਤੇ ਚੱਲਦਾ ਹੈ ਉਹ ਸਦਾ ਤੀਕ ਕਾਇਮ ਰਹਿੰਦਾ ਹੈ।
>
> 1 ਯੂਹੰਨਾ 2:15–17

ਸਾਰ: ਸੰਸਾਰ ਦੀ ਪ੍ਰਣਾਲੀ ਮਸੀਹ ਲਈ ਸਾਡੇ ਪਿਆਰ ਤੋਂ ਸਾਨੂੰ ___**ਸੁੱਖ**___, ___**ਸੰਪਤੀ**___, ਅਤੇ ___**ਸਥਿਤੀ**___ ਰਾਹੀਂ ਬਹਿਕਾਉਣ ਨੂੰ ਭਾਲਦੀ ਹੈ।

3. ਆਪਣੇ ਮਨ ਨੂੰ ਨਵਾਂ ਕਰਨ ਦੇ ਸਿਧਾਂਤ

ੳ. ਇਹ ਇੱਕ ___ਨਿਰੰਤਰ___ ਪ੍ਰਕਿਰਿਆ ਹੈ। (ਕੁਲੁੱਸੀਆਂ 3:1-4)

ਅ. ਇਹ ਇੱਕ ___ਲੜਾਈ___ ਹੈ। (2 ਕੁਰਿੰਥੀਆਂ 10:4-5)

ੲ. ਇਹ ਪਵਿੱਤਰ ਆਤਮਾ ਦਾ ਇੱਕ ___ਅਲੌਕਿਕ___ ਕੰਮ ਹੈ। (ਰੋਮੀਆਂ 8:5-6)

4. ਆਪਣੇ ਮਨ ਨੂੰ ਨਵਾਂ ਕਰਨ ਦੇ ਵਿਵਹਾਰਿਕ ਢੰਗ

ੳ. ਪਰਮੇਸ਼ੁਰ ਦਾ ਵਚਨ ___ਸੁਣੋ___। (ਰੋਮੀਆਂ 10:17)

ਅ. ਪਰਮੇਸ਼ੁਰ ਦਾ ਵਚਨ ___ਪੜ੍ਹੋ___। (ਪਰਕਾਸ਼ ਦੀ ਪੋਥੀ 1:3)

ੲ. ਪਰਮੇਸ਼ੁਰ ਦੇ ਵਚਨ ਦਾ ___ਅਧਿਐਨ___ ਕਰੋ। (2 ਤਿਮੋਥਿਉਸ 2:15)

ਸ. ਪਰਮੇਸ਼ੁਰ ਦੇ ਵਚਨ ਨੂੰ ___ਯਾਦ___ ਕਰੋ। (ਜ਼ਬੂਰ 119:9, 11)

ਹ. ਪਰਮੇਸ਼ੁਰ ਦੇ ਵਚਨ ਉੱਤੇ ___ਮਨਨ___ ਕਰੋ। (ਯਹੋਸ਼ੁਆ 1:8)

"ਸਾਨੂੰ ਬਾਈਬਲ ਦੇ ਲੋਕ ਬਣਨ ਦੀ ਲੋੜ ਹੈ: ਨਾ ਕਿ ਸਿਰਫ ਉਹ ਲੋਕ ਜੋ ਇਹ ਜਾਣਦੇ ਹਨ ਕਿ ਇਹ ਕੀ ਆਖਦੀ ਹੈ, ਪਰ ਓਹ ਲੋਕ ਜਿਹੜੇ ਬਾਈਬਲ ਦੁਆਰਾ ਅਤੇ ਵਿੱਚ ਜੀਵਨ ਬਿਤਾਉਂਦੇ ਹਨ, ਲੋਕ ਜਿਹੜੇ ਵਚਨ ਵਿੱਚ ਤਰ ਰਹਿੰਦੇ ਹਨ, ਜਿਹੜੇ ਇਸ ਵਿੱਚ ਜੀਉਂਦੇ ਅਤੇ ਸਾਹ ਲੈਂਦੇ ਹਨ।" **– ਐਨ. ਟੀ. ਰਾਈਟ**

ਅਗਵਾਈ ਵਚਨਬੱਧਤਾ

- ਮੈਂ ਰੋਜ਼ਾਨਾ ਪਰਮੇਸ਼ੁਰ ਨਾਲ ਸਮਾਂ ਬਿਤਾਉਣ ਲਈ ਵਚਨਬੱਧ ਹੁੰਦਾ ਹਾਂ ਤਾਂ ਜੋ ਮੈਂ ਸੰਸਾਰ ਦੀਆਂ ___ਪ੍ਰੀਖਿਆਵਾਂ___ ਤੋਂ ਉਸ ਦੇ ਵਚਨ ਰਾਹੀਂ ਮੇਰੀ ਸੁਰੱਖਿਆ ਕਰਨ ਦੁਆਰਾ ਮੈਂ ਨਵਾਂ ਹੋ ਜਾਵਾਂ।

ਸ਼ਾਮਲ ਹੋਣਾ – ਨਿੱਜੀ ਚਿੰਤਨ ਅਤੇ ਚਰਚਾ

1. ਕਿਹਵੀਆਂ ਰੁਕਾਵਟਾਂ ਤੁਹਾਨੂੰ ਪਰਮੇਸ਼ੁਰ ਦੇ ਵਚਨ ਵਿੱਚ ਸਮਾਂ ਬਿਤਾਉਣ ਤੋਂ ਤੁਹਾਨੂੰ ਰੋਕਦੀਆਂ ਹਨ?

____

____

____

2. 3-5 ਲੋਕਾਂ ਦੇ ਸਮੂਹਾਂ ਵਿੱਚ ਚਲੇ ਜਾਓ ਅਤੇ ਇੱਕ ਵਿਅਕਤੀ ਨੂੰ ਫ਼ਿਲਿੱਪੀਆਂ 4:8 ਤੋਂ ਉੱਚਾ ਪੜ੍ਹਨ ਲਈ ਚੁਣੋ:

> ਮੁਕਦੀ ਗੱਲ, ਹੇ ਭਰਾਵੋ, ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ ਹਨ, ਜਿਹੜੀਆਂ ਜਥਾਰਥ ਹਨ, ਜਿਹੜੀਆਂ ਸ਼ੁੱਧ ਹਨ, ਜਿਹੜੀਆਂ ਸੁਹਾਉਣੀਆਂ ਹਨ, ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੇ ਕੁਝ ਗੁਣ ਹੈ ਅਤੇ ਜੇ ਕੁਝ ਸੋਭਾ ਹੈ ਤਾਂ ਇਨ੍ਹਾਂ ਗੱਲਾਂ ਦਾ ਵਿਚਾਰ ਕਰੋ।
>
> ਫ਼ਿਲਿੱਪੀਆਂ 4:8

3. ਹਰੇਕ ਵਿਅਕਤੀ ਨੂੰ ਆਪਣੇ ਜੀਵਨ ਤੋਂ ਸੇਵਕਾਈ ਤੋਂ ਕੁਝ ਉਹ ਵੰਡਣ ਲਈ ਕਹੋ ਜੋ ਜਾਂ ਤਾਂ ਸੱਚਾ, ਜਥਾਰਥ, ਸ਼ੁੱਧ, ਸੁਹਾਉਣਾ, ਨੇਕਨਾਮੀ, ਗੁਣ ਜਾਂ ਕੁਝ ਸੋਭਾ ਦਾ ਹੈ।

ਉੱਚ ਪ੍ਰਭਾਵ ਵਾਲੀ
ਕ ਲੀ ਸਿ ਯਾ

ਮੇਰੇ ਜੀਵਨ ਲਈ ਪਰਮੇਸ਼ੁਰ ਦਾ ਮਕਸਦ ਕੀ ਹੈ?

ਸੈਸ਼ਨ ਚਾਰ

ਮੇਰੇ ਜੀਵਨ ਲਈ ਪਰਮੇਸ਼ੁਰ ਦਾ ਮਕਸਦ ਕੀ ਹੈ?

ਰੋਮੀਆਂ 12 ਦੇ ਚੇਲੇ ਦੀ ਤੀਜੀ ਵਿਸ਼ੇਸ਼ਤਾ **ਆਪਣੇ ਆਪ** ਨਾਲ ਸਾਡੇ ਸੰਬੰਧ ਦੇ ਨਾਲ ਸੰਬੰਧਤ ਹੈ।

1. ਤਿੰਨ ਵਿਸ਼ਵ ਵਿਆਪੀ ਪ੍ਰਸ਼ਨ

ੳ. ਮੈਂ ਕੌਣ ਹਾਂ (**ਮੇਰੀ ਪਛਾਣ**)

ਅ. ਮੈਂ ਕਿੱਥੇ ਸੰਬੰਧ ਰੱਖਦਾ ਹਾਂ? (**ਮੇਰੀ ਸੁਰੱਖਿਆ**)

ੲ. ਮੈਨੂੰ ਕਰਨਾ ਕੀ ਚਾਹੀਦਾ ਹੈ? (**ਮੇਰੀ ਵਿਸ਼ੇਸ਼ਤਾ**)

2. ਮੇਰੀ ਪਛਾਣ

ਮੈਂ ਤਾਂ ਓਸ ਕਿਰਪਾ ਤੋਂ ਜਿਹੜੀ ਮੈਨੂੰ ਦਾਨ ਹੋਈ ਤੁਹਾਡੇ ਵਿੱਚੋਂ ਹਰੇਕ ਨੂੰ ਆਖਦਾ ਹਾਂ ਭਈ ਉਹ ਆਪਣੇ ਆਪ ਨੂੰ ਜਿੰਨਾ ਚਾਹੀਦਾ ਹੈ ਉਸ ਨਾਲੋਂ ਵੱਧ ਨਾ ਸਮਝੇ ਸਗੋਂ ਸੁਰਤ ਨਾਲ ਸਮਝੇ ਜਿੱਕੁਰ ਪਰਮੇਸ਼ੁਰ ਨੇ ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤੀ ਹੈ।

ਰੋਮੀਆਂ 12:3

ਹੁਕਮ: ਆਪਣੇ ਆਪ ਬਾਰੇ ____ਸਹੀ____ ਸੋਚੋ।

ਮੈਂ ਕੌਣ ਹਾਂ? ਮੈਂ ਚੁਣਿਆ ਹੋਇਆ, ਪਵਿੱਤਰ, ਪਰਮੇਸ਼ੁਰ ਦੀ ਇੱਕ ਸੰਤਾਨ, ਅਤੇ ਉਸ ਦੀ ਕਿਰਪਾ ਦਾ ਪ੍ਰਾਪਤਕਰਤਾ ਹਾਂ (ਅਫ਼ਸੀਆਂ 1:4-8)।

3. ਮੇਰੀ ਸੁਰੱਖਿਆ

ਜਿਵੇਂ ਇੱਕ ਸਰੀਰ ਵਿੱਚ ਢੇਰ ਸਾਰੇ ਅੰਗ ਹਨ ਪਰ ਸਾਰਿਆਂ ਅੰਗਾਂ ਦਾ ਇੱਕੋ ਹੀ ਕੰਮ ਨਹੀਂ। ਤਿਵੇਂ ਅਸੀਂ ਜੋ ਢੇਰ ਸਾਰੇ ਹਾਂ ਮਸੀਹ ਵਿੱਚ ਮਿਲ ਕੇ ਇੱਕ ਸਰੀਰ ਹਾਂ ਅਰ ਇੱਕ ਇੱਕ ਕਰਕੇ ਇੱਕ ਦੂਏ ਦੇ ਅੰਗ ਹਾਂ।

ਰੋਮੀਆਂ 12:4-5

ਹੁਕਮ: ਪਰਮੇਸ਼ੁਰ ਦੁਆਰਾ ਮੇਰੀ ਦਿੱਤੀ ____ਭੂਮਿਕਾ____ ਨੂੰ ਨਿਭਾਉਣਾ

ਮੈਂ ਕਿੱਥੇ ਸੰਬੰਧ ਰੱਖਦਾ ਹਾਂ? ਪਰਮੇਸ਼ੁਰ ਦੇ ਪਰਿਵਾਰ ਵਿੱਚ।

4. ਮੇਰੀ ਵਿਸ਼ੇਸ਼ਤਾ

ਸੋ ਸਾਨੂੰ ਉਸ ਕਿਰਪਾ ਦੇ ਅਨੁਸਾਰ ਜੋ ਸਾਨੂੰ ਦਾਨ ਹੋਈ ਵੱਖੋ ਵੱਖਰੀਆਂ ਦਾਤਾਂ ਮਿਲੀਆਂ। ਫੇਰ ਜੇ ਉਹ ਨਬੂਵਤ ਹੋਵੇ ਤਾਂ ਆਪਣੀ ਨਿਹਚਾ ਦੇ ਸਮਾਨ ਨਬੂਵਤ ਕਰੀਏ ਜੇ ਸੇਵਾ ਹੋਵੇ ਤਾਂ ਆਪਣੀ ਸੇਵਾ ਵਿੱਚ ਰਹੀਏ, ਜੇ ਸਿਖਾਉਣ ਵਾਲਾ ਹੋਵੇ ਤਾਂ ਸਿਖਾਉਣ ਦੇ ਕੰਮ ਵਿੱਚ। ਜੇ ਉਪਦੇਸ਼ਕ ਹੋਵੇ ਤਾਂ ਉਪਦੇਸ਼ ਕਰਨ ਵਿੱਚ, ਦਾਨ ਦੇਣ ਵਾਲਾ ਖੁਲ੍ਹੇ ਦਿਲ ਦੇਵੇ, ਉਪਕਾਰ ਤਰੱਦਦ ਨਾਲ ਹੋਵੇ, ਦਯਾ ਕਰਨ ਵਾਲਾ ਖੁਸ਼ੀ ਨਾਲ ਦਯਾ ਕਰੇ।

ਰੋਮੀਆਂ 12:6-8

ਹੁਕਮ: ਮੇਰੀਆਂ ਆਤਮਿਕ ਦਾਤਾਂ ਨੂੰ ਖੋਜਣਾ ਅਤੇ ____ਵਰਤਣਾ____।

ਮੈਨੂੰ ਕੀ ਕਰਨਾ ਚਾਹੀਦਾ ਹੈ? ਪਿਆਰ ਵਿੱਚ ਇੱਕ ਦੂਜੇ ਦੀ ਸੇਵਾ ਕਰਨਾ (ਅਸੀਂ ਅਗਲੇ ਸੈਸ਼ਨ ਵਿੱਚ ਇਸ ਵਿਸ਼ੇ ਉੱਤੇ ਫੋਕਸ ਕਰਾਂਗੇ)।

5. ਇੱਕ ਆਗੂ ਵਜੋਂ

ੳ. ਮੇਰੀ ਪਛਾਣ: ਤੁਸੀਂ ___ਬਿਨਾਂ ਸ਼ਰਤ___ ਪਰਮੇਸ਼ੁਰ ਦੀ ਕਿਰਪਾ ਦੇ ਦੁਆਰਾ ਸਵੀਕਾਰ ਕੀਤੇ ਗਏ ਹੋ। ਇਸ ਲਈ, ਤੁਸੀਂ ਉਸ ਦੀ ਪ੍ਰਵਾਨਗੀ ___ਤੋਂ___ ਜੀਉਂਦੇ ਅਤੇ ਸੇਵਾ ਕਰਦੇ ਹੋ, ਨਾ ਕਿ ਉਸ ___ਦੀ___ ਪ੍ਰਵਾਨਗੀ ਲਈ।

> ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ। ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ।
>
> ਅਫ਼ਸੀਆਂ 2:8-9

ਅ. ਮੇਰੀ ਸੁਰੱਖਿਆ: ਪਰਮੇਸ਼ੁਰ ਨੇ ਤੁਹਾਨੂੰ ਉੱਥੇ ਰੱਖਿਆ ਜਿੱਥੇ ਤੁਹਾਨੂੰ ਹੋਣ ਦੀ ਲੋੜ ਹੈ। ਹਰ ਵਾਰ ਜਦੋਂ ਤੁਸੀਂ ਆਪਣੇ ਆਪ ਦੀ ਦੂਜੇ ਆਗੂਆਂ ਨਾਲ ___ਤੁਲਨਾ___ ਕਰਦੇ ਹੋ, ਤੁਸੀਂ ਸਦਾ ___ਹਾਰਦੇ___ ਹੋ।

> ਕਿਉਂ ਜੋ ਅਸੀਂ ਉਸ ਦੀ ਰਚਨਾ ਹਾਂ ਜਿਹੜੇ ਮਸੀਹ ਯਿਸੂ ਵਿੱਚ ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋਂ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿੱਚ ਲੱਗੇ ਰਹੀਏ।
>
> ਅਫ਼ਸੀਆਂ 2:10

3. ਮੇਰੀ ਵਿਸ਼ੇਸ਼ਤਾ: ਕਲੀਸਿਯਾ ਵਿੱਚ ਇੱਕ ਆਗੂ ਹੁੰਦੇ ਹੋਏ, ਤੁਸੀਂ ਦੂਜਿਆਂ ਨੂੰ ਸੇਵਾ ਲਈ ___ਤਿਆਰ___ ਕਰਨਾ ਹੈ।

> ਇਸ ਲਈ ਚੇਤੇ ਕਰੋ ਭਈ ਅੱਗੇ ਤੁਸੀਂ ਸਰੀਰ ਦੇ ਸਰਬੰਧ ਕਰਕੇ ਪਰਾਈਆਂ ਕੌਮਾਂ ਦੇ ਲੋਕ ਸਾਓ ਅਤੇ ਉਨ੍ਹਾਂ ਤੋਂ ਜਿਨ੍ਹਾਂ ਦੀ ਸੁੰਨਤ ਸਰੀਰ ਵਿੱਚ ਹੱਥਾਂ ਨਾਲ ਕੀਤੀ ਹੋਈ ਹੈ ਅਸੁੰਨਤੀ ਅਖਵਾਉਂਦੇ ਸਾਓ। ਨਾਲੇ ਤੁਸੀਂ ਉਸ ਸਮੇਂ ਮਸੀਹ ਤੋਂ ਅੱਡ ਇਸਰਾਏਲ ਦੀ ਪਾਤਸ਼ਾਹੀ ਤੋਂ ਨਿਆਰੇ ਕੀਤੇ ਹੋਏ ਬਚਨ ਦੇ ਨੇਮਾਂ ਤੋਂ ਬਾਹਰ ਆਸਾ ਹੀਣ ਅਤੇ ਜਗਤ ਵਿੱਚ ਪਰਮੇਸ਼ੁਰ ਤੋਂ ਰਹਿਤ ਸਾਓ।
>
> ਅਫ਼ਸੀਆਂ 4:11-12

ਅਗਵਾਈ ਵਚਨਬੱਧਤਾ

- ਮੈਂ ਸੇਵਕਾਈ ਦੇ ਕੰਮ ਨੂੰ ਪੂਰਾ ਕਰਨ ਲਈ ਪਰਮੇਸ਼ੁਰ ਦੀ ___ਕਿਰਪਾ___ ਅਤੇ ਪਰਮੇਸ਼ੁਰ ਦੇ ___ਲੋਕਾਂ___ ਉੱਤੇ ਨਿਰਭਰ ਹੋਣ ਦਾ ਵਚਨਬੱਧ ਹੁੰਦਾ ਹਾਂ, ਕਿਉਂਕਿ ਮੈਂ ਆਪਣੇ ਆਪ ਤੋਂ ਕੁਝ ਵੀ ਨਹੀਂ ਕਰ ਸਕਦਾ ਹਾਂ।

ਸ਼ਾਮਲ ਹੋਣਾ: ਨਿੱਜੀ ਚਿੰਤਨ ਅਤੇ ਚਰਚਾ

1. ਨਿੱਜੀ ਚਿੰਤਨ ਮੁਲਾਂਕਣ:

ਦੂਜਿਆਂ ਨੂੰ ਤਿਆਰ ਕਰਨ ਵਿੱਚ ਮੈਂ ਕਿਵੇਂ ਸੁਧਾਰ ਕਰ ਸਕਦਾ ਹਾਂ?

____
____
____

ੳ. ਰੋਮੀਆਂ 12 ਉੱਤੇ ਅਧਾਰਿਤ, ਓਹਨਾਂ ਪਰਮੁੱਖ ਆਤਮਿਕ ਦਾਤਾਂ ਨੂੰ ਪਛਾਣੋ ਜੋ ਪਰਮੇਸ਼ੁਰ ਨੇ ਤੁਹਾਨੂੰ ਦਿੱਤੀਆਂ ਹਨ:

- ○ ਨਬੂਵਤ
- ○ ਉਤਸ਼ਾਹਿਤ ਕਰਨਾ
- ○ ਅਗਵਾਈ ਕਰਨਾ
- ○ ਸੇਵਾ ਕਰਨਾ
- ○ ਦੇਣਾ
- ○ ਦਯਾ ਵਿਖਾਉਣਾ
- ○ ਸਿਖਾਉਣਾ

ਅ. ਨਿੱਜੀ ਚਿੰਤਨ: ਕਿਹੜੀ ਗੱਲ ਤੁਹਾਨੂੰ ਤੁਹਾਡੀਆਂ ਪਰਮੁੱਖ ਆਤਮਿਕ ਦਾਤਾਂ ਉੱਤੇ ਜ਼ਿਆਦਾ ਫੋਕਸ ਕਰਨ ਤੋਂ ਰੋਕ ਰਹੀ ਹੈ?

____
____
____

ੲ. ਤਿੰਨ ਵਿਆਪਕ ਸ਼੍ਰੇਣੀਆਂ ਵਿੱਚ ਆਪਣੇ ਕੰਮ ਉੱਤੇ ਗੌਰ ਕਰੋ:

ਮੈਨੂੰ ਜ਼ਰੂਰ ਕਰਨਾ ਹੈ (ਫੋਕਸ ਕਰਨ ਦਾ ਮੌਕਾ)	**ਮੈਨੂੰ ਕਰਨਾ ਚਾਹੀਦਾ ਹੈ** (ਮੁਲਾਂਕਣ ਕਰਨ ਦਾ ਮੌਕਾ)	**ਮੈਂ ਕਰ ਸਕਦਾ ਹਾਂ** (ਸਪੁਰਦ ਕਰਨ ਦਾ ਮੌਕਾ)
ਉੱਚ ਪ੍ਰਾਥਮਿਕਤਾ ←		→ ਘੱਟ ਪ੍ਰਾਥਮਿਕਤਾ

2. ਚਰਚਾ: 3-5 ਦੇ ਸਮੂਹਾਂ ਵਿੱਚ ਸ਼ਾਮਲ ਹੋਵੋ। ਇਸ ਸੈਸ਼ਨ ਦੇ ਆਧਾਰ ਉੱਤੇ, ਤੁਹਾਡੇ ਬਾਰੇ ਕਿਹੜੀ ਇੱਕ ਕੁੰਜੀ ਅੰਤਰਦ੍ਰਿਸ਼ਟੀ ਨੂੰ ਜਾਂ ਮਹੱਤਵਪੂਰਣ ਚੇਤਾਵਨੀ ਨੂੰ ਤੁਸੀਂ ਖੋਜਿਆ ਹੈ?

ਉੱਚ ਪ੍ਰਭਾਵ ਵਾਲੀ
ਕ ਲੀ ਸਿ ਯਾ

ਮੈਂ ਭਾਈਚਾਰੇ ਦਾ ਅਨੁਭਵ ਕਿਵੇਂ ਕਰਦਾ ਹਾਂ?

ਸੈਸ਼ਨ ਪੰਜ

ਮੈਂ ਭਾਈਚਾਰੇ ਦਾ ਅਨੁਭਵ ਕਿਵੇਂ ਕਰਦਾ ਹਾਂ?

ਰੋਮੀਆਂ 12 ਦੇ ਚੇਲੇ ਦੀ ਚੌਥੀ ਵਿਸ਼ੇਸ਼ਤਾ **ਵਿਸ਼ਵਾਸੀਆਂ** ਨਾਲ ਸਾਡੇ ਸੰਬੰਧ ਦੇ ਨਾਲ ਸੰਬੰਧਤ ਹੈ।

1. ਆਤਮਿਕ ਤੌਰ ਤੇ ਵਧਣ ਲਈ ਕੀ ਚਾਹੀਦਾ ਹੈ

ੳ. ਪ੍ਰਸ਼ਨ: ਕਿਉਂ ਬਹੁਤ ਸਾਰੇ ਚੰਗੇ, ਗੰਭੀਰ ਮਸੀਹੀ ਵੀ ___**ਆਤਮਿਕ**___ ਤੌਰ ਤੇ ___**ਅਟਕ**___ ਜਾਂਦੇ ਹਨ?

ਅ. ਬਹੁਤ ਸਾਰੇ ਮਸੀਹੀ ਆਪਣੇ ਆਪ ਨੂੰ ਸਹੀ ___**ਵਾਤਾਵਰਣ**___ ਵਿੱਚ ਨਹੀਂ ਰੱਖਦੇ ਹਨ।

ੲ. ਸਹੀ ਵਾਤਾਵਰਣ ___**ਪ੍ਰਮਾਣਿਕ**___ ___**ਭਾਈਚਾਰਾ**___ ਹੈ।

> ਪ੍ਰੇਮ ਨਿਸ਼ਕਪਟ ਹੋਵੇ। ਬੁਰਿਆਈ ਤੋਂ ਸੂਗ ਕਰੋ; ਭਲਿਆਈ ਨਾਲ ਮਿਲੇ ਰਹੋ। ਭਰੱਪਣ ਦੇ ਪ੍ਰੇਮ ਵਿੱਚ ਇੱਕ ਦੂਏ ਨਾਲ ਗੂੜ੍ਹਾ ਹਿਤ ਰੱਖੋ, ਆਦਰ ਵਿੱਚ ਦੂਏ ਨੂੰ ਚੰਗਾ ਸਮਝੋ। ਮਿਹਨਤ ਵਿੱਚ ਢਿੱਲੇ ਨਾ ਹੋਵੋ, ਆਤਮਾ ਵਿੱਚ ਸਰਗਰਮ ਰਹੋ। ਪ੍ਰਭੂ ਦੀ ਸੇਵਾ ਕਰਿਆ ਕਰ। ਆਸਾ ਵਿੱਚ ਅਨੰਦ ਅਤੇ ਬਿਪਤਾ ਵਿੱਚ ਧੀਰਜ ਕਰੋ, ਪ੍ਰਾਰਥਨਾ ਲਗਾਤਾਰ ਕਰਦੇ ਰਹੋ। ਸੰਤਾਂ ਦੀਆਂ ਲੋੜਾ ਦੇ ਸਾਂਝੀ ਬਣੋ, ਪਰਾਹੁਣਚਾਰੀ ਪੁੱਜ ਕੇ ਕਰੋ।
>
> ਰੋਮੀਆਂ 12:9–13

ਸ. ਪ੍ਰਮਾਣਿਕ ਭਾਈਚਾਰਾ ਮਿਸਾਲੀ ਤੌਰ ਤੇ ___**ਛੋਟੇ**___ ___**ਸਮੂਹ**___ ਵਿੱਚ ਪਾਇਆ ਜਾਂਦਾ ਹੈ।

ਹ. ਇਹ ਮਨ ਵਿੱਚ ਰੱਖੋ: ਸਾਰੇ ਛੋਟੇ ਸਮੂਹ ___**ਪ੍ਰਮਾਣਿਕ**___ ___**ਭਾਈਚਾਰੇ**___ ਨੂੰ ਉਤਪੰਨ ਨਹੀਂ ਕਰਦੇ ਹਨ!

ਕ. ਪ੍ਰਮਾਣਿਕ ਭਾਈਚਾਰਾ ਉਦੋਂ ਹੁੰਦਾ ਜਦੋਂ ਅਸੀਂ ___**ਪਿਆਰ**___ ___**ਵਿੱਚ**___ ___**ਸੇਵਾ**___ ਕਰਦੇ ਹਾਂ।

ਖ. ਅਸੀਂ ਪ੍ਰਮਾਣਿਕ ਭਾਈਚਾਰੇ ਵਿੱਚ ___**ਵਹਿ**___ ਕੇ ਨਹੀਂ ਜਾ ਸਕਦੇ; ਇਸ ਲਈ ਇਰਾਦਾ ਅਤੇ ਅਨੁਸ਼ਾਸਨ ਚਾਹੀਦਾ ਹੈ।

2. ਪਿਆਰ ਵਿੱਚ ਸੇਵਾ ਕਰਨ ਦਾ ਅਰਥ ਕੀ ਹੈ?

ੳ. ਪਿਆਰ ਵਿੱਚ ਸੇਵਾ ਕਰਨਾ ਉਦੋਂ ਹੁੰਦਾ ਜਦੋਂ:

___ਅਸਲ___ ਤੁਸੀਂ (ਰੋਮੀਆਂ 12:9),

ਅਸਲ ___ਲੋੜਾਂ___ ਨੂੰ ਪੂਰਾ ਕਰਦੇ (ਰੋਮੀਆਂ 12:10),

ਅਸਲ ___ਕਾਰਨਾਂ___ ਦੇ ਲਈ (ਰੋਮੀਆਂ 12:11),

___ਅਸਲ___ ___ਢੰਗ___ ਦੇ ਵਿੱਚ (ਰੋਮੀਆਂ 12:12-13)

ਅ. ਅਸਲ ਤੁਸੀਂ, ਨਾ ਕਿ ਆਪਣੇ ਆਪ ਦਾ ਇੱਕ ___ਪ੍ਰਦਰਸ਼ਨ___।

ਪ੍ਰਮਾਣਿਕਤਾ – "ਪ੍ਰੇਮ ਨਿਸ਼ਕਪਟ ਹੋਵੇ"

ਸ਼ੁੱਧਤਾ – "ਬੁਰਿਆਈ ਤੋਂ ਸੂਗ ਕਰੋ। ਭਲਿਆਈ ਨਾਲ ਮਿਲੇ ਰਹੋ।"

ੲ. ਅਸਲ ਲੋੜਾਂ ਨੂੰ ਪੂਰਾ ਕਰਦਾ, ਨਾ ਕਿ ___ਨਕਲੀ___ ਲੋੜਾਂ ਨੂੰ।

ਸਮਰਪਣ – "ਪਿਆਰ ਵਿੱਚ ਇੱਕ ਦੂਜੇ ਨਾਲ ਗੂੜ੍ਹਾ ਹਿੱਤ ਰੱਖੋ"

ਹਲੀਮਤਾ – "ਆਦਰ ਵਿੱਚ ਇੱਕ ਦੂਜੇ ਨੂੰ ਚੰਗਾ ਸਮਝੋ।"

ਸ. ਸਹੀ ਕਾਰਨਾਂ ਦੇ ਲਈ, ਲੋਕਾਂ ਨੂੰ ___ਪਰਸੰਨ___ ਕਰਨ ਲਈ ਨਹੀਂ।

ਉਦੇਸ਼: "ਮਿਹਨਤ ਵਿੱਚ ਕਦੇ ਵੀ ਢਿੱਲੇ ਨਾ ਹੋਵੋ, ਪਰ ਆਤਮਾ ਵਿੱਚ ਸਰਗਰਮ ਰਹੋ, ਪ੍ਰਭੂ ਦੀ ਸੇਵਾ ਕਰਦੇ ਹੋਏ।"

ਸ. ਸਹੀ ਢੰਗ ਦੇ ਵਿੱਚ, ਨਾ ਕਿ ਸਾਡੀ ਆਪਣੀ ___ਤਾਕਤ___ ਵਿੱਚ।

ਉਤਾਂਹ ਵੱਲ ਫੋਕਸ – "ਆਸਾ ਵਿੱਚ ਅਨੰਦ ਅਤੇ ਬਿਪਤਾ ਵਿੱਚ ਧੀਰਜ ਕਰੋ, ਪ੍ਰਾਰਥਨਾ ਲਗਾਤਾਰ ਕਰਦੇ ਰਹੋ।"

ਬਾਹਰ ਵੱਲ ਫੋਕਸ – "ਸੰਤਾਂ ਦੀਆਂ ਲੋੜਾ ਦੇ ਸਾਂਝੀ ਬਣੋ, ਪਰਾਹੁਣਚਾਰੀ ਪੁੱਜ ਕੇ ਕਰੋ।"

3. ਕੀ ਤੁਸੀਂ ਪ੍ਰਮਾਣਿਕ ਭਾਈਚਾਰੇ ਵਿੱਚ ਰਹਿ ਰਹੇ ਹੋ?

ਆਪਣੀ ਜੀਵਨ ਸਾਥੀ ਤੋਂ ਇਲਾਵਾ, ਕੀ ਤੁਹਾਡੇ ਜੀਵਨ ਵਿੱਚ ਲੋਕ ਹਨ ਜਿਹੜੇ...

ੳ. ਤੁਹਾਨੂੰ ___ਜਾਣਦੇ___ ਹਨ?

ਅ. ਤੁਹਾਨੂੰ ___ਪਿਆਰ___ ਕਰਦੇ ਹਨ?

ੲ. ਤੁਹਾਨੂੰ ___ਸਚਿਆਈ___ ___ਦੱਸਦੇ___ ਹਨ?

ਸ. ਤੁਹਾਨੂੰ ___ਉਤਸ਼ਾਹਿਤ___ ਕਰਦੇ ਹਨ?

ਹ. ਤੁਸੀਂ ___ਅੱਧੀ___ ___ਰਾਤ___ ਨੂੰ ਵੀ ਉਨ੍ਹਾਂ ਨੂੰ ਫੋਨ ਕਰ ਸਕਦੇ ਹੋ?

ਕ. ਤੁਸੀਂ ___ਸੇਵਾ ਕਰ___ ਰਹੇ ਹੋ?

ਖ. ਤੁਹਾਡੀ ___ਸੇਵਾ___ ਕਰਦੇ ਹਨ?

ਆਗੂਆਂ ਨੂੰ ਜਿਨ੍ਹਾਂ ਕਿ ਓਹ ਦੂਜਿਆਂ ਲਈ ਇਸ ਦਾ *ਪ੍ਰਬੰਧ ਕਰਦੇ ਹਨ* ਓਨਾ ਹੀ ਉਨ੍ਹਾਂ ਨੂੰ ਵੀ ਪ੍ਰਮਾਣਿਕ ਭਾਈਚਾਰੇ ਨੂੰ *ਗ੍ਰਹਿਣ ਕਰਨਾ* ਸਿੱਖਣਾ ਚਾਹੀਦਾ ਹੈ

ਅਗਵਾਈ ਵਚਨਬੱਧਤਾ

ਮੈਂ ___ਵਿਖਾਵੇ___ ਦੇ ਸੰਬੰਧਾਂ ਤੋਂ ਅੱਗੇ ਵਧਣ ਲਈ ਵਚਨਬੱਧ ਹੁੰਦਾ ਹਾਂ ਅਤੇ ਪਿਆਰ ਵਿੱਚ ਦੂਜਿਆਂ ਦੀ ਸੇਵਾ ਕਰਨ ਦੇ ਦੁਆਰਾ ਪ੍ਰਮਾਣਿਕ ਭਾਈਚਾਰੇ ਵਿੱਚ ਜੀਵਨ ਬਿਤਾਵਾਂਗਾ।

ਸ਼ਾਮਲ ਹੋਣਾ – ਨਿੱਜੀ ਚਿੰਤਨ ਅਤੇ ਚਰਚਾ

1. ਚਿੰਤਨ: ਪ੍ਰਸ਼ਨ "ਕੀ ਤੁਸੀਂ ਪ੍ਰਮਾਣਿਕ ਭਾਈਚਾਰੇ ਵਿੱਚ ਰਹਿ ਰਹੇ ਹੋ," ਦੇ ਆਧਾਰ 'ਤੇ, ਆਪਣੇ ਸੰਬੰਧਾਂ ਦਾ ਮੁਲਾਂਕਣ ਕਰੋ – ਤੁਸੀਂ ਕਿੰਨਾ ਸਹੀ ਕਰ ਰਹੇ ਹੋ?

ਵਾਧੇ ਦਾ ਖੇਤਰ — ਤਾਕਤ ਦਾ ਖੇਤਰ

1	2	3	4	5	6	7	8	9	10

2. ਚਿੰਤਨ: ਕਿਹੜੇ 2-3 ਲੋਕ ਤੁਹਾਡੇ ਸਭ ਤੋਂ ਨੇੜੇ ਹਨ? ਤੁਸੀਂ ਉਨ੍ਹਾਂ ਨਾਲ ਆਪਣੇ ਸੰਬੰਧ ਨੂੰ ਗੂੜ੍ਹਾ ਕਰਨ ਲਈ ਕਿਹੜੇ ਕੁਝ ਖਾਸ ਕਦਮ ਚੁੱਕ ਸਕਦੇ ਹੋ?

___

___

___

3. ਜੀਵਨ-ਦੇਣ ਵਾਲੇ ਸੰਬੰਧਾਂ ਵਿੱਚ ਹੋਰਨਾਂ ਨਾਲ ਉੱਤਮ ਢੰਗ ਨਾਲ ਜੁੜਨ ਲਈ ਇੱਕ ਦੂਜੇ ਵਾਸਤੇ ਪ੍ਰਾਰਥਨਾ ਕਰਨ ਲਈ 1-2 ਲੋਕਾਂ ਨੂੰ ਚੁਣੋ।

LIVING ON THE EDGE

ਉੱਚ ਪ੍ਰਭਾਵ ਵਾਲੀ
ਕ ਲੀ ਸਿ ਯਾ

ਮੈਂ ਮੇਰੇ ਲਈ ਚਾਹੀ ਗਈ ਬੁਰਿਆਈ ਉੱਤੇ ਕਿਵੇਂ ਜਿੱਤ ਪਾਉਂਦਾ ਹਾਂ?

ਸੈਸ਼ਨ ਛੇ

ਮੈਂ ਮੇਰੇ ਲਈ ਚਾਹੀ ਗਈ ਬੁਰਿਆਈ ਉੱਤੇ ਕਿਵੇਂ ਜਿੱਤ ਪਾਉਂਦਾ ਹਾਂ?

ਰੋਮੀਆਂ 12 ਦੇ ਚੇਲੇ ਦੀ ਪੰਜਵੀਂ ਵਿਸ਼ੇਸ਼ਤਾ **ਗੈਰ-ਵਿਸ਼ਵਾਸੀਆਂ** ਨਾਲ ਸਾਡੇ ਸੰਬੰਧ ਦੇ ਨਾਲ ਸੰਬੰਧਤ ਹੈ।

1. ਅਸੰਭਵ ਨੂੰ ਕਿਵੇਂ ਕਰੀਏ

ਆਪਣੇ ਦੁਖਦਾਈਆਂ ਨੂੰ ਅਸੀਸ ਦਿਓ; ਅਸੀਸ ਦਿਓ, ਫਿਟਕਾਰੋ ਨਾ। ਅਨੰਦ ਕਰਨ ਵਾਲਿਆਂ ਦੇ ਨਾਲ ਅਨੰਦ ਕਰੋ; ਰੋਣ ਵਾਲਿਆਂ ਨਾਲ ਰੋਵੋ। ਆਪੋ ਵਿੱਚ ਇੱਕ ਮਨ ਹੋਵੋ, ਉੱਚੀਆਂ ਗੱਲਾਂ ਉੱਤੇ ਮਨ ਨਾ ਲਾਓ ਪਰ ਨੀਵਿਆਂ ਨਾਲ ਮਿਲੇ ਰਹੋ। ਆਪਣੀ ਜਾਚ ਵਿੱਚ ਸਿਆਣੇ ਨਾ ਬਣ ਬੈਠੋ। ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ ਨਾ ਕਰੋ। ਜਿਹੜੀਆਂ ਗੱਲਾਂ ਸਾਰੇ ਮਨੁੱਖਾਂ ਦੇ ਭਾਣੇ ਚੰਗੀਆਂ ਹਨ ਓਹਨਾਂ ਦਾ ਧਿਆਨ ਰੱਖੋ। ਜੇ ਹੋ ਸਕੇ, ਤਾਂ ਆਪਣੀ ਵਾਹ ਲੱਗਦਿਆਂ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ। ਹੇ ਪਿਆਰਿਓ, ਆਪਣਾ ਬਦਲਾ ਨਾ ਲਓ ਪਰ ਕ੍ਰੋਧ ਨੂੰ ਜਾਣ ਦਿਓ ਕਿਉਂ ਜੋ ਲਿਖਿਆ ਹੋਇਆ ਹੈ ਕਿ ਪ੍ਰਭੂ ਆਖਦਾ ਹੈ, "ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ। ਪਰ ਜੇ ਤੇਰਾ ਵੈਰੀ ਭੁੱਖਾ ਹੋਵੇ ਤਾਂ ਉਹ ਨੂੰ ਖੁਆ, ਜੇ ਤਿਹਾਇਆ ਹੋਵੇ ਤਾਂ ਉਹ ਨੂੰ ਪਿਆ ਕਿਉਂ ਜੋ ਇਹ ਕਰ ਕੇ ਤੂੰ ਉਹ ਦੇ ਸਿਰ ਉੱਤੇ ਅੱਗ ਦੇ ਅੰਗਿਆਰਾਂ ਦਾ ਢੇਰ ਲਾਵੇਂਗਾ।" ਬੁਰਿਆਈ ਤੋਂ ਨਾ ਹਾਰ ਸਗੋਂ ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ।

ਰੋਮੀਆਂ 12:14-21

ੳ. ਰੋਮੀਆਂ 12 ਦੇ ਇੱਕ ਮਸੀਹੀ ਬਣਨਾ ___ਮੁਸ਼ਕਿਲ___ ਨਹੀਂ ਹੈ...ਇਹ ___ਅਸੰਭਵ___ ਹੈ!

ਅ. **ਸਕਾਰਾਤਮਕ ਹੁਕਮ:** "ਆਪਣੇ ਦੁਖਦਾਈਆਂ ਨੂੰ ਅਸੀਸ ਦਿਓ।"

___ਮਾਫੀ___ – "ਆਪਣੇ ਦੁਖਦਾਈਆਂ ਨੂੰ ਅਸੀਸ ਦਿਓ।"

___ਪਛਾਣ___ – "ਅਨੰਦ ਕਰਨ ਵਾਲਿਆਂ ਦੇ ਨਾਲ ਅਨੰਦ ਕਰੋ; ਰੋਣ ਵਾਲਿਆਂ ਨਾਲ ਰੋਵੋ।"

___ਮੇਲ ਜੋਲ___ – "ਆਪੋ ਵਿੱਚ ਇੱਕ ਮਨ ਹੋਵੋ, ਉੱਚੀਆਂ ਗੱਲਾਂ ਉੱਤੇ ਮਨ ਨਾ ਲਾਓ ਪਰ ਨੀਵਿਆਂ ਨਾਲ ਮਿਲੇ ਰਹੋ। ਆਪਣੀ ਜਾਚ ਵਿੱਚ ਸਿਆਣੇ ਨਾ ਬਣ ਬੈਠੋ।"

ੲ. **ਨਕਾਰਾਤਮਕ ਹੁਕਮ:** "ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ ਨਾ ਕਰੋ....ਆਪਣਾ ਬਦਲਾ ਨਾ ਲਓ।"

ਦੋ ਮਜ਼ਬੂਰ ਕਰਨ ਵਾਲੇ ਕਾਰਨ ਕਿ ਕਿਉਂ ਨਿੱਜੀ ਬਦਲਾ ਲੈਣਾ ਮਨਾਹੀ ਕੀਤਾ ਗਿਆ ਹੈ।

i. ਇਹ ਪਰਮੇਸ਼ੁਰ ਦੀ ___ਨਿਆਈਂ___ ਦੀ ਭੂਮਿਕਾ ਨੂੰ ਹੜੱਪਣਾ ਹੈ। "ਪਰਮੇਸ਼ੁਰ ਦੇ ਕ੍ਰੋਧ ਲਈ ਜਗ੍ਹਾ ਰੱਖੋ।"

ii. ਇਹ ___ਮੇਲ___ ਕਰਾਉਣ ਦਾ ਇੱਕ ਬੇਅਸਰ ਸਾਧਨ ਹੈ। "ਜੇਕਰ ਤੇਰਾ ਵੈਰੀ ਭੁੱਖਾ ਹੈ ਤਾਂ ਉਹ ਨੂੰ ਖੁਆ।"

ਸ. **ਅਲੌਕਿਕ ਨਤੀਜਾ:** ___ਭਲਿਆਈ___ ਬੁਰਿਆਈ ਉੱਤੇ ਜਿੱਤ ਪਾਵੇਗੀ। "ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲਓ।"

2. ਬੁਰਿਆਈ ਲਈ ਅਲੌਕਿਕ ਜਵਾਬ

ੳ. ਇਹ ਸਮਝੋ ਕਿ **ਕੜਵਾਹਟ** ਇੱਕ ਤਰ੍ਹਾਂ ਨਾਲ **ਜ਼ਹਿਰ** ਨੂੰ ਪੀਣ ਅਤੇ ਇਹ ਆਸ ਰੱਖਣ ਦੇ ਵਾਂਗ ਹੈ ਕਿ ਦੂਜਾ ਵਿਅਕਤੀ ਬਿਮਾਰ ਹੋਵੇਗਾ।

ਅ. ਕੜਵਾਹਟ ਦੇ ਜ਼ਹਿਰ ਲਈ ਰੋਗਨਾਸ਼ਕ **ਮਾਫ਼ੀ** ਹੈ।

ੲ. ਮਾਫ਼ੀ ਦੀ ਯਾਤਰਾ ਨੂੰ **ਅਰੰਭ** ਕਰੋ।

ਮਾਫ਼ → **ਮਾਫ਼ ਕਰਨਾ** → **ਮਾਫ਼ ਕੀਤਾ ਗਿਆ**

ਇੱਕ ਫੈਸਲਾ — ਇੱਕ ਪ੍ਰੀਕਿਰਿਆ — ਇੱਕ ਗਵਾਹੀ

ਸ. ਪ੍ਰਸ਼ਨ: ਤੁਸੀਂ ਆਪਣੀ **ਕੜਵਾਹਟ** ਨੂੰ ਛੱਡਣ ਦੇ ਲਈ ਕਿੰਨੀ **ਆਤਮਿਕ** **ਸ਼ਕਤੀ** ਦੇਣ ਦੇ ਇਛੁੱਕ ਹੋ?

ਅਗਵਾਈ ਵਚਨਬੱਧਤਾ

ਮੈਂ ਮੇਰੇ ਲਈ ਚਾਹੀ ਗਈ ਬੁਰਿਆਈ ਨੂੰ ਮਾਫ਼ ਕਰਨ ਦੀ ਯਾਤਰਾ ਨੂੰ ਅਰੰਭ ਕਰਨ ਲਈ ਪਰਮੇਸ਼ੁਰ ਦੀ ___ਅਲੌਕਿਕ___ ___ਸ਼ਕਤੀ___ ਉੱਤੇ ਨਿਰਭਰ ਰਹਿਣ ਲਈ ਵਚਨਬੱਧ ਕਰਦਾ ਹਾਂ।

ਸ਼ਾਮਲ ਹੋਣਾ – ਚਰਚਾ

1. 3-5 ਲੋਕਾਂ ਦੇ ਸਮੂਹਾਂ ਵਿੱਚ ਚਲੇ ਜਾਓ। ਜਿਵੇਂ ਕਿ ਯਹੂਦਾ ਇਸਕਰਿਯੋਤੀ ਨੇ ਯਿਸੂ ਨੂੰ ਧੋਖਾ ਦਿੱਤਾ, ਤੁਹਾਨੂੰ ਸਭ ਤੋਂ ਜ਼ਿਆਦਾ ਕਿਸ ਨੇ ਧੋਖਾ ਦਿੱਤਾ ਹੈ? ਕੀ ਹੋਇਆ ਸੀ, ਅਤੇ ਇਸ ਸੰਬੰਧ ਨਾਲ ਪਰਮੇਸ਼ੁਰ ਤੁਹਾਨੂੰ ਕੀ ਕਰਨ ਲਈ ਆਖ ਰਿਹਾ ਹੈ?

2. ਇਸ ਵਿਅਕਤੀ ਨੂੰ ਮਾਫ਼ ਕਰਨ ਲਈ ਤੁਸੀਂ ਕਿਹੜਾ ਪਹਿਲਾ ਕਦਮ ਚੁੱਕੋਗੇ? ਕੀ ਇੱਥੇ ਕੋਈ ਹੈ ਜਿਹੜਾ ਤੁਹਾਨੂੰ ਇਹ ਕਦਮ ਚੁੱਕਣ ਵਿੱਚ ਮਦਦ ਕਰ ਸਕਦਾ ਹੈ?

ਉੱਚ ਪ੍ਰਭਾਵ ਵਾਲੀ
ਕ ਲੀ ਸਿ ਯਾ

ਅੱਗੇ ਕੀ?

ਸੈਸ਼ਨ ਸੱਤ

ਵਧਾਈਆਂ ਹੋਣ!

ਇੱਥੇ ਅੱਗੇ ਇਹ ਹੈ:

ਤੁਹਾਡੀ ਯਾਤਰਾ ਇੱਥੇ ਹੀ ਖਤਮ ਨਹੀਂ ਹੁੰਦੀ ਹੈ।

ਅਸੀਂ ਇੱਕ ਉੱਚ ਪ੍ਰਭਾਵ ਵਾਲੀ ਕਲੀਸਿਯਾ ਦਾ ਨਿਰਮਾਣ ਕਰਨ ਵਿੱਚ ਤੁਹਾਡੀ ਸਹਾਇਤਾ ਲਈ ਵੱਖ-ਵੱਖ ਤਰ੍ਹਾਂ ਦੇ ਮੁਫ਼ਤ ਸ੍ਰੋਤ ਤਿਆਰ ਕਰਨ ਵਿੱਚ ਸਹਾਇਤਾ ਲਈ ਉਤਸ਼ਾਹਿਤ ਹਾਂ। ਇਸ ਦੇ ਨਾਲ ਹੀ, ਅਸੀਂ ਤੁਹਾਡੇ ਤੋਂ ਸੁਣਨਾ ਪਸੰਦ ਕਰਾਂਗਾ! ਇਨ੍ਹਾਂ ਸ੍ਰੋਤਾਂ ਨੂੰ ਪ੍ਰਾਪਤ ਕਰਨ ਲਈ ਹੇਠਾਂ ਦਿੱਤੇ ਕੋਡ ਨੂੰ ਸਕੈਨ ਕਰੋ ਅਤੇ ਆਪਣਾ ਫੀਡਬੈਕ ਦੇਣ ਲਈ ਛੇਤੀ ਨਾਲ ਇੱਕ ਸਰਵੇਖਣ ਨੂੰ ਕਰੋ। ਆਓ ਅਸੀਂ ਇਕੱਠੇ ਸਿੱਖਦੇ ਅਤੇ ਵਧਦੇ ਰਹੀਏ!

LOTE.me/HIC

1. ਇੱਕ ਉੱਚ ਪ੍ਰਭਾਵ ਵਾਲੀ ਕਲੀਸਿਯਾ ਦੇ ਤਿੰਨ ਭਾਗ

ਇੱਕ
ਉੱਚ
ਪ੍ਰਭਾਵ ਵਾਲੀ
ਕਲੀਸਿਯਾ
ਦੇ ਤਿੰਨ ਭਾਗ

01

1) **ਸਿਹਤਮੰਦ ਕਲੀਸਿਯਾ** (3 **ਵਿਸ਼ੇਸ਼ਤਾਵਾਂ**)

- ਗੁਆਚੇ ਹੋਏ ਲੋਕ ਪ੍ਰਭੂ ਵਿੱਚ ਆ ਰਹੇ ਹਨ
- ਪ੍ਰਭੂ ਵਿੱਚ ਆਏ ਹੋਏ ਲੋਕ ਸਿੱਧਤਾ ਵਿੱਚ ਵਧ ਰਹੇ ਹਨ
- ਤਿਆਰ ਲੋਕ ਭਾਈਚਾਰੇ ਵਿੱਚ ਲੋੜਾਂ ਨੂੰ ਪੂਰਾ ਕਰ ਰਹੇ ਹਨ

02

2) **ਸਿਹਤਮੰਦ ਚੇਲਾ** (**ਰੋਮੀਆਂ** 12)

- ਆਪਣੇ ਜੀਵਨ ਨੂੰ **ਸਮਰਪਣ ਕਰਦਾ**
- ਸੰਸਾਰ ਦੀਆਂ ਕਦਰਾਂ ਕੀਮਤਾਂ ਤੋਂ **ਅੱਡ ਹੁੰਦਾ**
- ਆਤਮ-ਮੁਲਾਂਕਣ ਵਿੱਚ **ਸੰਜਮੀ**
- ਪਿਆਰ ਵਿੱਚ **ਸੇਵਾ ਕਰਦਾ**
- **ਅਲੌਕਿਕ ਢੰਗ ਨਾਲ** ਬੁਰਿਆਈ ਦਾ ਭਲਿਆਈ ਵਿੱਚ ਜਵਾਬ ਦਿੰਦਾ

03

3) **ਸਿਹਤਮੰਦ ਚੇਲਾਪਣ ਪ੍ਰੀਕਿਰਿਆ**

- ਪਰਮੇਸ਼ੁਰ ਦੇ ਅੱਗੇ
- ਭਾਈਚਾਰੇ ਵਿੱਚ
- ਮਿਸ਼ਨ ਉੱਤੇ

2. ਰੋਮੀਆਂ 12 ਦੇ ਇੱਕ ਆਗੂ ਵਜੋਂ ਕੰਮ ਕਰਨਾ

ੳ. ਪਰਮੇਸ਼ੁਰ ਤੋਂ ਇੱਕ ___ਨਵੇਂ___ ___ਦਰਸ਼ਣ___ ਨੂੰ ਮੰਗੋ।

ਪਰਮੇਸ਼ੁਰ ਦੇ ਰਾਜ ਵਿੱਚ ਹਰੇਕ ਚੰਗਾ ਕੰਮ ਪ੍ਰਾਰਥਨਾ ਨਾਲ ਅਰੰਭ ਹੁੰਦਾ ਹੈ! ਪਰਮੇਸ਼ੁਰ ਤੋਂ ਉਸ ਦੀ ਮਰਜੀ ਨੂੰ ਪੂਰਾ ਕਰਨ ਲਈ, ਨਵੇਂ ਦ੍ਰਿੜ ਨਿਸ਼ਚੇ, ਬੁੱਧ, ਅਤੇ ਦਲੇਰੀ ਦੀ ਮੰਗ ਕਰੋ।

ਅ. ਬਦਲਾਅ ਉਤਪੰਨ ਕਰੋ ਅਤੇ ਅੰਦਰ ਤੋਂ ਬਾਹਰ ਨੂੰ ਰੋਮੀਆਂ 12 ਚੇਲਿਆਂ ਦਾ ਨਿਰਮਾਣ ਕਰੋ। ___ਆਪਣੇ ਆਪ___ ਨਾਲ ਸ਼ੁਰੂ ਕਰੋ, ਫਿਰ ਆਪਣੇ ___ਆਗੂਆਂ___ ਨੂੰ ਸਿੱਖਿਆ ਅਤੇ ਸਿਖਲਾਈ ਦਿਉ, ਅਤੇ ਫਿਰ ਉਨ੍ਹਾਂ ਦੀ ਆਪਣੀ ___ਕਲੀਸਿਯਾ___ ਨਾਲ ਜਾਣ ਪਛਾਣ ਕਰਾਉ।

ਤੁਸੀਂ: ਪਰਮੇਸ਼ੁਰ ਤੁਹਾਡੇ ਰਾਹੀਂ ਕੰਮ ਕਰਨ ਤੋਂ ਪਹਿਲਾਂ ਤੁਹਾਡੇ ਅੰਦਰ ਡੂੰਘਾ ਕੰਮ ਕਰਨਾ ਚਾਹੁੰਦਾ ਹੈ। ਤੁਹਾਡੇ ਲੋਕ ਤੁਹਾਡੀ ਉਦਾਹਰਣ ਦਾ ਅਨੁਸਰਣ ਕਰਨਗੇ-ਤੁਹਾਨੂੰ ਰੋਮੀਆਂ 12 ਦੇ ਚੇਲੇ ਬਣਨਾ ਹੈ ਤਾਂ ਜੋ ਉਹ ਵੀ ਬਣ ਸਕਣ।

ਤੁਹਾਡੇ ਆਗੂ: ਪਾਸਬਾਨ, ਤੁਸੀਂ ਇਹ ਸਭ ਕਰ ਸਕਦੇ ਹੋ! ਸਿਰਫ ਕੁਝ ਲੋਕਾਂ ਉੱਤੇ ਫੋਕਸ ਕਰੋ, ਜਿਵੇਂ ਕਿ ਯਿਸੂ ਨੇ ਕੀਤਾ ਸੀ। ਤੁਹਾਡੇ "ਪਤਰਸ, ਯਾਕੂਬ ਅਤੇ ਯੂਹੰਨਾ ਕੌਣ ਹਨ?" ਤੁਹਾਡੇ "12 ਚੇਲੇ" ਕੌਣ ਹਨ? ਸਿਰਫ ਕੁਝ ਵਿੱਚ ਨਿਵੇਸ਼ ਕਰਨ ਦੇ ਦੁਆਰਾ, ਤੁਸੀਂ ਪਹਿਲਾਂ ਰੋਮੀਆਂ 12 ਦੇ ਆਗੂਆਂ ਦੀ ਇੱਕ ਟੀਮ ਦਾ ਨਿਰਮਾਣ ਕਰਦੇ ਹੋ। ਉਹ ਤੁਹਾਡੀ ਕਲੀਸਿਯਾ ਨੂੰ ਇੱਕ ਉੱਚ ਪ੍ਰਭਾਵ ਵਾਲੀ ਕਲੀਸਿਯਾ ਵਿੱਚ ਬਦਲਣ ਲਈ ਤੁਹਾਡੀ ਮਦਦ ਕਰਨਗੇ।

ਤੁਹਾਡੀ ਕਲੀਸਿਯਾ: ਇੱਕ ਵਾਰ ਜਦੋਂ ਤੁਸੀਂ ਰੋਮੀਆਂ 12 ਦੇ ਮਸੀਹੀ ਬਣਨ ਲਈ ਸਮਰਪਿਤ ਹੋ ਜਾਂਦੇ ਹੋ, ਤਾਂ ਫਿਰ ਇਹ ਤੁਹਾਡੇ ਚਰਚ ਨੂੰ ਸਿਖਾਉਣ ਦਾ ਸਮਾਂ ਹੈ!

ਰੋਮੀਆਂ 12 ਦੇ ਆਗੂ ਦੀ ਵਚਨਬੱਧਤਾ

ਪਰਮੇਸ਼ੁਰ ਦੀ ਕਿਰਪਾ ਦੇ ਦੁਆਰਾ, ਮੈਂ ਉਹ ਵਿਅਕਤੀ ਬਣਨਾ ਚਾਹੁੰਦਾ ਹਾਂ ਜੋ ਮੈਂ ਚਾਹੁੰਦਾ ਹਾਂ ਕਿ ਮੇਰੇ ਲੋਕ ਬਣਨ। ਮੈਂ ਆਪਣੇ ਚੰਗੇ ਇਰਾਦਿਆਂ ਨੂੰ ਕਿਰਿਆਵਾਂ ਵਿੱਚ ਬਦਲਾਂਗਾ।

- **ਮੈਂ ਯਿਸੂ ਲਈ ਇੱਕ ਆਗੂ ਬਣਨ ਤੋਂ ਪਹਿਲਾਂ ਯਿਸੂ ਦਾ ਇੱਕ ਚੇਲਾ ਬਣਨ *ਲਈ* ਵਚਨਬੱਧ ਹੁੰਦਾ ਹਾਂ।**
- **ਮੈਂ ਉਹ ਸਭ ਜੋ ਮੈਂ ਹਾਂ ਅਤੇ ਜੋ ਮੇਰੇ ਕੋਲ ਹੈ ਉਸ ਨੂੰ ਸਮਰਪਣ ਕਰਨ ਲਈ ਵਚਨਬੱਧ ਹੁੰਦਾ ਹਾਂ।**
- **ਮੈਂ ਪਰਮੇਸ਼ੁਰ ਨਾਲ ਨਿਯਮਿਤ ਸਮਾਂ ਬਿਤਾਉਣ ਲਈ ਵਚਨਬੱਧ ਹੁੰਦਾ ਹਾਂ ਤਾਂ ਜੋ ਮੈਂ ਸੰਸਾਰ ਦੀਆਂ ਪ੍ਰੀਖਿਆਵਾਂ ਵਿੱਚ ਪੈਣ ਦੀ ਬਜਾਏ ਉਸ ਦੇ ਵਚਨ ਦੁਆਰਾ ਨਵਾਂ ਹੁੰਦਾ ਜਾਵਾਂ।**
- **ਮੈਂ ਸੇਵਕਾਈ ਦੇ ਕੰਮ ਨੂੰ ਪੂਰਿਆਂ ਕਰਨ ਲਈ ਪਰਮੇਸ਼ੁਰ ਦੀ ਕਿਰਪਾ ਅਤੇ ਪਰਮੇਸ਼ੁਰ ਦੇ ਲੋਕਾਂ ਉੱਤੇ ਨਿਰਭਰ ਹੋਣ ਲਈ ਵਚਨਬੱਧ ਹੁੰਦਾ ਹਾਂ।**
- **ਮੈਂ ਨਕਲੀ ਸੰਬੰਧਾਂ ਤੋਂ ਦੂਰ ਜਾਣ ਲਈ ਵਚਨਬੱਧ ਹੁੰਦਾ ਹਾਂ ਅਤੇ ਮੈਂ ਪਿਆਰ ਵਿੱਚ ਹੋਰਨਾਂ ਦੀ ਸੇਵਾ ਕਰਨ ਦੁਆਰਾ ਪ੍ਰਮਾਣਿਕ ਭਾਈਚਾਰੇ ਵਿੱਚ ਜੀਵਨ ਬਿਤਾਵਾਂਗਾ।**
- **ਮੈਂ ਮੇਰੇ ਲਈ ਚਾਹੀ ਗਈ ਬੁਰਿਆਈ ਨੂੰ ਮਾਫ਼ ਕਰਨ ਦੀ ਮੇਰੀ ਯਾਤਰਾ ਅਰੰਭ ਕਰਨ ਲਈ ਪਰਮੇਸ਼ੁਰ ਦੀ ਆਤਮਿਕ ਸ਼ਕਤੀ ਉੱਤੇ ਨਿਰਭਰ ਰਹਿਣ ਲਈ ਵਚਨਬੱਧ ਹੁੰਦਾ ਹਾਂ।**

ਨਾਮ: ______________________ ਮਿਤੀ: ______________

ਤੁਸੀਂ ਪਰਮੇਸ਼ੁਰ ਨੂੰ ਕਿਵੇਂ ਬੋਲਦਾ ਹੋਇਆ ਸੁਣਦੇ ਹੋ?

> "ਹੇ ਯਹੋਵਾਹ, ਬੋਲ, ਤੇਰਾ ਦਾਸ ਸੁਣਦਾ ਹੈ।"
>
> 1 ਸਮੂਏਲ 3:9

ਜੋ ਤੁਸੀਂ ਅੱਜ ਪਰਮੇਸ਼ੁਰ ਤੋਂ ਤੁਹਾਡੇ ਆਖਦੇ ਹੋਏ ਸੁਣਿਆ ਹੈ ਉਸ ਦੇ ਜਵਾਬ ਵਜੋਂ ਆਪਣੀ ਪ੍ਰਾਰਥਨਾ ਕਰਨ ਲਈ ਕੁਝ ਸਮਾਂ ਲਓ।